ੴ ਸਤਿਗੁਰ ਪ੍ਰਸਾਦਿ

# ਬਨ ਜੁੱਧ

ਭਾਈ ਸਾਹਿਬ ਭਾਈ ਵੀਰ ਸਿੰਘ

# ਸਿਮਰਨ ਦਾ ਨੂਰੀ ਖਿੜਿਆ ਬਾਗ

ਪ੍ਰੋ. ਪੂਰਨ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001


www.sikhbookclub.com

**Ban Yudh**

*Bhai Vir Singh*

**Simran Da Noori Khidya Bagh**

*Prof. Puran Singh*

ISBN # 978-93-80854-11-3
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਿਛਲੀ ਵਾਰ 1997
ਨਵੀਂ ਐਡੀਸ਼ਨ ਜੁਲਾਈ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer*
Print Media
1331, Chowk Sangatrashan,
Paharganj, New Delhi - 110055
(m) 9810765258

ਮੁੱਲ : 30/- ਰੁਪਏ

# ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ

**ਦਸਮ** ਪਿਤਾ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਜਦੋਂ 1699 ਵਿਚ ਵਿਸਾਖੀ ਤੇ ਅੰਮ੍ਰਿਤ ਦੀ ਦਾਤ ਸੰਗਤ ਨੂੰ ਬਖਸ਼ਿਸ਼ ਕੀਤੀ ਤਾਂ ਉਹਨਾਂ ਆਪ ਵੀ ਇਸ ਦਾਤ ਦੀ ਪ੍ਰਾਪਤੀ ਲਈ ਸਿੱਖਾਂ ਅੱਗੇ ਬੇਨਤੀ ਕੀਤੀ ਅਤੇ ਇਸ ਤਰ੍ਹਾਂ ਕਰਕੇ ਉਹਨਾਂ ਹਰ ਸਿੱਖ ਨੂੰ ਆਪਣਾ ਹੀ ਰੂਪ ਦੇ ਦਿੱਤਾ। ਭਾਈ ਸਾਹਿਬ ਭਾਈ ਵੀਰ ਸਿੰਘ ਅੰਮ੍ਰਿਤ ਦੀ ਮਹਿਮਾ ਬਾਰੇ ਕਲਗੀਧਰ ਚਮਤਕਾਰ 'ਚ ਇਉਂ ਬਿਆਨ ਕਰਦੇ ਹਨ:

ਹਰ ਸਿੱਖ ਸਿਪਾਹੀ ਹੈ, ਕਿਉਂਕਿ ਸਤਿਗੁਰ ਨੇ ਸਿੱਖ ਨੂੰ ਸ਼ਸਤ੍ਰਧਾਰੀ ਬਣਾ ਦਿੱਤਾ ਹੈ, ਹਰ ਸਿੱਖ ਦੁਨੀਆਂਦਾਰ ਹੈ, ਕਿਉਂਕਿ ਸਭ ਦਯਾਨਤਦਾਰੀ ਦੇ ਕਿੱਤੇ ਗੁਰਾਂ ਵਿਹਤ ਕਰ ਦਿੱਤੇ ਹਨ। ਹਰ ਸਿੱਖ ਸੰਤ ਹੈ, ਕਿਉਂਕਿ ਨਾਮ ਇਹ ਜਪਦਾ ਤੇ ਬਾਣੀ ਦਾ ਕੀਰਤਨ ਕਰਦਾ ਹੈ ਤੇ ਬਾਣੀ ਦੀ ਦੱਸੀ ਰੌਸ਼ਨੀ ਵਿਚ ਟੁਰਦਾ ਹੈ। ਹਰ ਸਿੱਖ ਜੋ ਤਿਆਰ ਬਰਤਿਆਰ ਹੈ, ਅੰਮ੍ਰਿਤ ਤਿਆਰ ਕਰਨ ਵਿਚ ਸ਼ਾਮਲ ਹੋ ਸਕਦਾ ਹੈ, ਧਰਮ ਦੇ ਸੰਸਕਾਰ ਕਰ ਕਰਾ ਸਕਦਾ ਹੈ, ਇਉਂ ਹਰ ਸਿੱਖ ਆਪਣੇ ਧਰਮ ਦਾ ਪ੍ਰੋਹਿਤ ਬੀ ਹੈ। ਸੋ ਸਿੰਘ ਨਾਲੇ ਦੁਨੀਆਂਦਾਰ ਹੈ, ਨਾਲੇ ਦੀਨਦਾਰ ਹੈ, ਨਾਲੇ ਸਿਪਾਹੀ ਹੈ, ਨਾਲੇ ਵਪਾਰੀ ਹੈ, ਨਾਲੇ ਜ਼ਿਮੀਂਦਾਰ ਹੈ, ਨਾਲੇ ਕਿਰਤੀ ਹੈ, ਨਾਲੇ ਸਰਦਾਰ ਹੈ, ਨਾਲੇ ਸੇਵਕ ਹੈ। ਫਿਰ ਇਸ ਤੋਂ ਅੱਗੇ ਕਿਸੇ ਬੀਮਾਰ ਬੁੱਢੇ ਯਾ ਹੋਰ ਸਰੀਰਕ ਕਸ਼ਟ ਵਿਚ ਫਾਥੇ ਨੂੰ ਦੇਖ ਕੇ ਸਿੱਖ ਯਥਾਸ਼ਕਤ ਸੇਵਾ ਬੀ ਕਰਦਾ ਹੈ। ਸੰਗਤ ਵਿਚ ਜਾ ਕੇ ਜੋੜੇ ਝਾੜਦਾ, ਜਲ ਛਕਾਂਦਾ ਪੱਖੇ ਆਦਿ ਦੀ ਸੇਵਾ ਬੀ ਸਿੱਖ ਕਰਦਾ ਹੈ। ਐਉਂ ਗੁਰੂ ਦਾ ਸਿੱਖ ਆਪਣੇ ਆਪ ਵਿਚ ਸਭ ਗੁਣ ਸੰਪੰਨ ਮੁਕੰਮਲ ਇਨਸਾਨ ਹੈ। ਐਸੀ ਧਾਰਮਕ

ਸੁਤੰਤ੍ਰਤਾ ਤੇ ਧਾਰਮਕ ਉੱਚ ਸੁਰਤੀ ਅਵਸਥਾ ਗੁਰੂ ਜੀ ਨੇ ਬਖਸ਼ੀ। ਫਿਰ ਸਿੱਖ ਦੀ ਟੇਕ ਗੁਰੂ ਕੇ ਬਖਸ਼ੇ ਈਸ਼ੂਰੀ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਹੈ ਤੇ ਪੰਥ ਵਿਚ ਪ੍ਰਬੁੱਧ ਪੁਰਖਾਂ ਦੇ ਸਤਿਸੰਗ ਦਾ ਉਦਾਲਾ ਇਸ ਨੂੰ ਪ੍ਰਾਪਤ ਹੈ। ਗੁਰਮੁਖ ਦਾ ਮੇਲ, ਸਾਧ ਦਾ ਸੰਗ ਰੋਜ਼ ਅਰਦਾਸੇ ਵਿਚ ਮੰਗਦਾ ਹੈ। ਪਰਮਾਰਥ ਵਿਚ ਨਾਮ ਅਭਯਾਸ ਵਿਚ ਰੂਹਾਨੀ ਮਦਦ ਦੀ ਲੋੜ ਵੇਲੇ ਗੁਰੂ ਕਾ ਸਿੱਖ 'ਗੁਰਮੁਖ' ਦਾ ਸਤਿਸੰਗ ਕਰਕੇ ਆਪਣੇ ਪਰਮਾਰਥ ਦੀਆਂ ਮੰਜ਼ਲਾਂ ਤੈ ਕਰ ਸਕਦਾ ਹੈ। ਸਾਹਿਬਾਂ ਨੇ ਖਾਲਸਾ ਸਾਜ ਕੇ ਇੰਨਾਂ ਸੁਤੰਤ੍ਰ ਤੇ ਉੱਚਾ ਕੀਤਾ ਕਿ ਪੰਜਾਂ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਦਿੱਤਾ। 'ਗੁਰੂ ਖਾਲਸਾ' ਤੇ 'ਖਾਲਸਾ ਗੁਰੂ' ਆਖਿਆ।

ਬਨ ਜੁਧ ਨਾਮੀ ਇਸ ਟ੍ਰੈਕਟ ਵਿਚ ਬੀਬੀ ਦੀਪ ਕੌਰ ਦੀ ਗਾਥਾ ਹੈ ਕਿ ਕਿਵੇਂ ਬੀਬੀ ਅੰਮ੍ਰਿਤ ਛਕਣ ਉਪਰੰਤ ਜਾਦੂ, ਮੰਤ੍ਰ ਟੂਣੇ ਆਦਿ ਦੇ ਅਸਰ ਤੋਂ ਮੁਕਤ ਹੋ ਗਈ। ਇਸੀ ਤਰ੍ਹਾਂ ਇਸੀ ਟ੍ਰੈਕਟ ਵਿਚ ਉਹਨਾਂ ਕਲਾਲਾਂ ਦਾ ਵੀ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੂੰ ਗੁਰੂ ਨੇ 'ਗੁਰੂ ਕੇ ਲਾਲ' ਕਹਿ ਕੇ ਨਿਵਾਜਿਆ।

ਅੱਜ ਜਦੋਂ ਅਸੀਂ ਜਾਤ ਪਾਤ ਰਹਿਤ ਸਮਾਜ ਸਿਰਜਣ ਦੀ ਗੱਲ ਕਰਦੇ ਤਾਂ ਸਿਰਫ ਗੱਲਾਂ ਤੱਕ ਹੀ ਸੀਮਤ ਰਹਿੰਦੇ ਹਾਂ ਕਿਉਂਕਿ ਅਸੀਂ ਆਪਣੇ ਮਹਾਨ ਗੁਰੂਆਂ ਅਤੇ ਬਜ਼ੁਰਗਾਂ ਦੇ ਦੱਸੇ ਰਾਹ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਸਫਲ ਨਹੀਂ ਹੋਏ। ਕਸੂਰ ਸਾਡਾ ਆਪਣਾ ਹੈ ਕਿ ਅਸੀਂ ਗੁਰੂਆਂ ਦੇ ਸੰਦੇਸ਼ ਨੂੰ ਆਪ ਜਾਣਦੇ ਹੋਏ ਵੀ ਉਹਨਾਂ ਤੱਕ ਨਹੀਂ ਪਹੁੰਚਾਇਆ ਜਿਨ੍ਹਾਂ ਨੂੰ ਕਿ ਇਸਦੀ ਜ਼ਰੂਰਤ ਸੀ ਤੇ ਹੁਣ ਵੀ ਹੈ।

ਇਸ ਟ੍ਰੈਕਟ ਵਿਚ ਪ੍ਰੋ. ਪੂਰਨ ਸਿੰਘ ਜੀ ਦੇ "ਸਿਮਰਨ ਦਾ ਨੂਰੀ ਖਿੜਿਆ ਬਾਗ" ਲੇਖ ਨੂੰ ਨਾਲ ਪੇਸ਼ ਕੀਤਾ ਜਾ ਰਿਹਾ ਹੈ ਜਿਸ ਵਿਚ ਕਿ ਉਹਨਾਂ ਦਰਸਾਇਆ ਹੈ ਕਿ ਵਾਹਿਗੁਰੂ ਦਾ ਨਾਮ ਜਪਣਾ ਸਾਡੇ ਲਈ ਕਿੰਨਾ ਜ਼ਰੂਰੀ ਹੈ।

ਮੈਨੂੰ ਉਮੀਦ ਹੈ ਕਿ ਪਾਠਕ ਜਿਥੇ ਆਪ ਇਸ ਟ੍ਰੈਕਟ ਨੂੰ ਪੜ੍ਹਣਗੇ ਉਥੇ ਹੋਰਨਾਂ ਨੂੰ ਵੀ ਪੜ੍ਹਣ ਲਈ ਪ੍ਰੇਰਣਗੇ ਤਾਂ ਕਿ 1999 ਤੱਕ ਅਸੀਂ ਸਾਰੇ ਗੁਰੂ ਦੀ ਗੋਦ ਦਾ ਆਨੰਦ ਮਾਣ ਸਕੀਏ।

-ਸਰਦਾਰਨੀ ਰਣਬੀਰ ਕੌਰ ਢਿਲੋਂ



www.sikhbookclub.com

# ਬਨ ਜੁੱਧ

❖ ਭਾਈ ਵੀਰ ਸਿੰਘ

## ਜਾਦੂ ਹੇਠ ਸਿਖਣੀ, ਦੀਪ ਕੌਰ, ਚੌਂਦਾ ਪਿੰਡ, ਪੰਮਾਂ, ਕਲਾਲ ਗੁਰੂ ਕਾ ਲਾਲ, ਆਲਮ ਚੰਦ ਬਲੀਆ ਚੰਦ ਜੁੱਧ

1.

**ਅੰਮ੍ਰਿਤ** ਵੇਲਾ ਹੈ, ਸ਼ਾਂਤਿ ਹੈ, ਏਕਾਂਤ ਹੈ, ਚੁੱਪ ਹੈ, ਸੁਹਣੀ ਠੰਢ ਪੈ ਰਹੀ ਹੈ। ਆਨੰਦਪੁਰ ਹੈ, ਕੀਰਤਨ ਹੈ, ਕੀਰਤਨ ਦੀ ਮਿੱਠੀ ਮਿੱਠੀ ਧੁਨਿ ਕੰਨੀ ਆ ਰਹੀ ਹੈ। ਮਾਨੋਂ 'ਚੁੱਪ', ਚੁੱਪ ਧਾਰੇ ਸਮਾਧੀ ਵਿਚ ਟਿਕੀ ਹੋਈ ਹੈ ਤੇ ਇਸ ਸੁਹਾਵੇ ਕੀਰਤਨ ਦਾ ਸੰਗੀਤਕ ਰਸ ਉਸ ਨੂੰ ਆਪੇ ਵਿਚ ਮਗਨ ਕਰ ਰਿਹਾ ਹੈ। ਮਲਕੜੇ ਇਕ ਇਕ ਦੋ ਦੋ ਸਿੱਖ ਆਉਂਦੇ ਹਨ ਤੇ ਸਹਿਜ ਨਾਲ ਦੀਵਾਨ ਵਿਚ ਟਿਕਦੇ ਜਾਂਦੇ ਹਨ। ਐਡੇ ਛੋਪਲੇ ਪੈਰ ਧਰਦੇ ਹਨ ਕਿ ਅਗੇ ਬੈਠਿਆਂ ਨੂੰ ਰਤਾ ਪਤਾ ਨ ਲਗੇ ਤੇ ਸੁਰਤ ਪਰ ਖਿੰਡਾਉ ਦਾ ਅਸਰ ਨ ਪਵੇ। ਇਸ ਤਰ੍ਹਾਂ ਦੇ ਸ਼ਾਂਤਿ ਪ੍ਰਭਾਉ ਵਿਚ ਵੇਲਾ ਹੋ ਗਿਆ ਸਾਹਿਬਾਂ ਦੇ ਆਉਣ ਦਾ, 'ਸਤਿਨਾਮ' 'ਸ੍ਰੀ ਵਾਹਿਗੁਰੂ' ਦੀ ਧੁਨਿ ਲਗ ਗਈ। ਸੰਗਤ ਸਾਰੀ ਅਦਬ ਨਾਲ ਉੱਠ ਕੇ ਖੜੋ ਗਈ। ਆਪ ਆਏ, ਹਾਂ, ਆਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦੀਵਾਨ ਵਿਚੋਂ ਸਾਰਿਆਂ ਦੇ ਨੀਉਂਦੇ ਸੀਸਾਂ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ' ਦਾ ਉਤਰ ਦੇ, ਮਲਯਾਗਰ ਦੀ ਸਮੀਰ ਵਾਂਙੂ ਸਹਿਜੇ ਤੁਰਦੇ ਜਾ ਬਿਰਾਜੇ ਨਿਜ ਸਿੰਘਾਸਨ ਉਤੇ। ਕੀਰਤਨ ਫੇਰ ਜਾਰੀ ਹੋ ਗਿਆ। ਚੁਪ ਵਰਤ ਗਈ, ਸ਼ਾਂਤਿ ਰਸ ਵਧੇਰੇ ਹੋ ਗਿਆ। ਸਾਰੀ ਸੰਗਤ ਨੇ ਆਨੰਦ ਲਿਆ, ਉਹ ਆਨੰਦ ਹੈ ਜੋ ਅੰਦਰੇ ਹੈ ਤੇ ਅੰਦਰੋਂ ਨਾਮ ਵਿਚ ਲੱਗਿਆਂ ਮਿਲ ਪੈਂਦਾ ਹੈ {ਅੰਤਰਿ ਖੂਹਟਾ

ਅੰਮ੍ਰਿਤ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥ (ਵਡਹੰਸ ਮ: ੩)} ਕੀਰਤਨ ਦੀ ਧੁਨਿ ਮਨ ਨੂੰ ਹੋਰ ਗੱਲਾਂ ਦੇ ਫੁਰਨਿਆਂ ਵਿਚ ਜਾਣੋ ਵਰਜ ਵਰਜ ਕੇ ਰੋਕ ਰਹੀ ਹੈ। ਬਾਣੀ ਦੇ ਅਰਥ ਭਾਵ ਆਪਣੇ ਵਿਚ ਲਿਆ ਰਹੇ ਹਨ। ਕੀਰਤਨ ਦੀ ਧੁਨਿ ਤੇ ਬਾਣੀ ਦਾ ਭਾਵ ਦੋਵੇਂ ਮਿਲਵੇਂ ਅਸਰਾਂ ਨਾਲ ਵਾਹਿਗੁਰੂ ਦੇ ਜਸ ਵਿਚ ਲਿਜਾ ਕੇ, ਖਿਆਲ ਨੂੰ ਉਸੇ ਪਾਸੇ ਪਾ ਕੇ ਸਾਂਈਂ ਦੀ ਯਾਦ ਦਾ ਇਕ ਪ੍ਰਵਾਹ ਬਣਾ ਰਹੇ ਹਨ। ਯਾਦ ਇਕ ਚਲਦੇ ਪ੍ਰਵਾਹ ਵਾਂਙੂ ਯਾ ਤੇਲ ਦੀ ਧਾਰ ਵਾਂਙੂ ਲਗਾਤਾਰੀ ਰੌ ਲੈ ਰਹੀ ਹੈ ਤੇ ਆਪੇ ਨੂੰ ਅਕਾਲ ਪੁਰਖ ਦੀ ਸ਼ਰਨ ਵਿਚ ਲਿਜਾ ਰਹੀ ਹੈ। ਜਾਂ ਇਉਂ ਕਹੋ ਕਿ ਜੀਵ ਤੱਤ ਦਾ ਪ੍ਰਵਾਹ ਪਰਮ ਤੱਤ ਵਲ ਜਾ ਰਿਹਾ ਹੈ ਦੀਵਾਨ ਵਿਚ ਬੜੇ ਬੜੇ ਸੂਰਮੇਂ ਬੀ ਬੈਠੇ ਹਨ। ਬੀਰਰਸੀ ਠਾਠ ਹੈ, ਤਲਵਾਰਾਂ ਲੱਗੀਆਂ ਹਨ, ਚਿਹਰੇ ਲਾਲੀਆਂ ਨਾਲ ਭਖ ਭਖ ਕਰ ਰਹੇ ਹਨ, ਉਹ ਬੀ ਇਸ ਵੇਲੇ ਵਾਹਿਗੁਰੂ ਦਾ ਨਾਮ ਜਪਦੇ ਆਪੇ ਨੂੰ ਉਸ ਵਿਚ ਜੋੜ ਰਹੇ ਹਨ। ਵਿਚ ਵਿਚ ਤਯਾਗੀ ਵੈਰਾਗੀ ਸਾਧੂ ਵੀ ਇਸ ਨਵੇਂ ਜੋਗ ਵਿਚ ਤੇ ਨਵੇਂ ਗਿਆਨ ਵਿਚ ਜੁੜੇ ਬੈਠੇ ਹਨ, ਜੋ ਇਹ ਹੈ ਕਿ ਆਪਾ ਪਰਮ ਆਪੇ ਵਿਚ ਮਿਲੇ- ਆਤਮਾ ਪਰਮਾਤਮਾ ਦੇ ਅਨੁਭਵ ਵਿਚ ਇਕ ਜੋਤ ਹੋਵੇ। {ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥ (ਸੋਰਠਿ ਮ: ੧)} ਇਸ ਪ੍ਰਕਾਰ ਦੀ ਜੀਵਤ ਲਿਵਧਾਰਾ ਹੈ ਜੋ ਸਾਰਾ ਦਿਨ ਕੰਮ ਕਾਜ ਕਰਨ ਵਾਲੇ ਕਿਰਤੀਆਂ ਦੀ ਲਗ ਰਹੀ ਹੈ।

ਭੋਗ ਪੈ ਗਿਆ, ਪ੍ਰਸ਼ਾਦ ਵਰਤ ਗਿਆ, ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਮਨੋਹਰ ਵਾਕ ਉਚਾਰਨ ਕੀਤੇ। ਸੰਗਤਾਂ ਗਦ ਗਦ ਹੋਈਆਂ। ਫਿਰ ਦੇਸ਼ ਦੇਸ਼ ਦੇ ਆਏ ਪ੍ਰੇਮੀ ਤੇ ਸੰਗਤਾਂ ਪੇਸ਼ ਹੋਈਆਂ ਉਹਨਾਂ ਨਾਲ ਵਾਰਤਾਲਾਪ ਹੋਏ।

ਸ਼ੇਖੂਪੁਰੇ ਦੇ ਇਕ ਸਿਖ ਨੇ ਅਰਦਾਸ ਕੀਤੀ {ਤਵਾ. ਖਾ. ਭਾਗ ੩, ਪੰਨਾ ਪਪ੯}, "ਪਾਤਸ਼ਾਹ ਮੇਰੀ ਇਸਤ੍ਰੀ ਕੁਸੰਗਣਾਂ ਨਾਲ ਮਿਲ ਕੇ ਇਕ ਚੇਟਕੀ ਪੀਰ ਮੁਲਾਣੇ ਨੂੰ ਮਿਲ ਕੇ ਆਪਣਾ ਧਰਮ ਦਾ ਆਗੂ ਮੰਨ ਬੈਠੀ ਹੈ, ਸਾਡੇ ਸਾਰੇ ਉਪਾਹਾਰ ਥੱਕੇ ਹਨ, ਆਪ ਦੇ ਹਜ਼ੂਰ ਮੁਸ਼ਕਲਾਂ ਨਾਲ ਲਿਆਏ ਹਾਂ, ਮਿਹਰ ਕਰੋ ਜੋ ਚੇਟਕੀ ਦਾ ਅਸਰ ਦੂਰ ਹੋਵੇ। ਸਾਡੇ ਘਰਾਂ ਵਿਚ ਨਿਰੋਲ ਸਿੱਖੀ ਹੈ, ਪੀਰਾਂ ਭਿਰਾਈਆਂ ਦਾ ਅਸਰ ਕਦੇ ਨਹੀਂ ਪਿਆ" ਸਾਹਿਬਾਂ ਬੀਬੀ ਨੂੰ ਸੱਦ ਕੇ ਪੁੱਛਿਆ ਤਾਂ ਆਖਣ ਲੱਗੀ: "ਮੇਰਾ ਮਨ

ਤਾਂ ਨਹੀਂ ਕਰਦਾ, ਪਰ ਮੈਂ ਬੇਵੱਸ ਹਾਂ। ਮੱਲੋ ਮਲੀ ਉਧਰ ਨੂੰ ਟੁਰ ਪੈਂਦੀ ਹਾਂ।" ਹੁਕਮ ਹੋਇਆ: "ਅੰਮ੍ਰਿਤ ਛਕੋ।" ਉਸੇ ਵੇਲੇ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਦੇ ਸਾਰ ਬੀਬੀ ਹੋਸ਼ ਵਿਚ ਆ ਕੇ ਸਾਵਧਾਨ ਹੋ ਗਈ ਤੇ ਗੁਰੂ ਗੁਰੂ ਜਪਣ ਲਗ ਪਈ। ਇਧਰ ਗੁਰੂ ਸਾਹਿਬ ਹੋਰਨਾਂ ਨੂੰ ਤਾਰਦੇ ਰਹੇ! ਅੰਮ੍ਰਿਤ ਛਕ ਕੇ ਜਦ ਬੀਬੀ ਫੇਰ ਪੇਸ਼ ਹੋਈ ਤਾਂ ਗੁਰੂ ਸਾਹਿਬ ਜੀ ਨੇ ਬਚਨ ਕੀਤਾ: "ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਅੱਗੇ, ਜਿਨ੍ਹਾਂ ਨੂੰ ਜੰਤ੍ਰ ਮੰਤ੍ਰ ਟੂਣੇ ਜਾਦੂ ਆਖਦੇ ਹਨ, ਦੀ ਪੇਸ਼ ਨਹੀਂ ਜਾਂਦੀ। ਜੋ ਕੋਈ ਸ਼ੁਧ ਮਨ ਨਾਲ ਇਸ ਬਾਣੀ ਦਾ ਸੇਵਨ ਕਰਦਾ ਹੈ, ਉਸ ਦੇ ਸਾਰੇ ਭੈ ਤੇ ਭਰਮ ਦੂਰ ਹੁੰਦੇ ਹਨ। ਜਿੰਨ ਭੂਤ ਜਾਦੂ, ਜੋ ਕੁਛ ਕਿਹਾ ਜਾਂਦਾ ਹੈ, ਉਸ ਨੂੰ ਨਹੀਂ ਪੋਂਹਦਾ। ਬਾਣੀ ਸਿਦਕ ਨਾਲ ਪੜ੍ਹਕੇ ਵਾਹਿਗੁਰੂ ਅੰਦਰ ਵਸਾਯਾ ਕਰੋ:-

**ਊਠਤ ਸੁਖੀਆ ਬੈਠਤ ਸੁਖੀਆ॥**
**ਭਉ ਨਹੀ ਲਾਗੈ ਜਾਂ ਐਸੇ ਬੁਝੀਆ॥੧॥**
**ਰਾਖਾ ਏਕੁ ਹਮਾਰਾ ਸੁਆਮੀ॥**
**ਸਗਲ ਘਟਾ ਕਾ ਅੰਤਰਜਾਮੀ॥੧॥ ਰਹਾਉ॥**
**ਸੋਇ ਅਚਿੰਤਾ ਜਾਗਿ ਅਚਿੰਤਾ॥**
**ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥੨॥**
**ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥**
**ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥੩॥੨॥**
(ਭੈਰਉ ਮ: ੫)

ਹੁਣ ਮਾਝੇ ਦੀ ਸੰਗਤ ਪੇਸ਼ ਹੋਈ ਤੇ ਦੀਪ ਕੌਰ ਵਾਲੀ ਸਾਖੀ ਸੰਗਤ ਨੇ ਸੁਣਾਈ।

ਉਸ ਦਿਨ ਸਾਰੀ ਸੰਗਤ ਵਿਚੋਂ, ਜੋ ਜੋ ਅਜੇ ਅੰਮ੍ਰਿਤਧਾਰੀ ਨਹੀਂ ਸੇ, ਸਭ ਨੇ ਅੰਮ੍ਰਿਤ ਛਕਿਆ। ਆਨੰਦਪੁਰ ਤਾਂ ਅੰਮ੍ਰਿਤ ਪ੍ਰਚਾਰ ਸੀ ਹੀ, ਪਰ ਨਾਮ ਬਾਣੀ ਦੇ ਪ੍ਰੇਮੀ ਸਿੰਘਾਂ ਦੇ ਜਥੇ ਥਾਂ ਥਾਂ ਫਿਰ ਕੇ ਬੀ ਅੰਮ੍ਰਿਤ ਪ੍ਰਚਾਰ ਕਰਦੇ ਫਿਰਦੇ ਸੇ। ਉਂਵ ਬੀ ਸਿੰਘ ਸ਼ਸਤ੍ਰਧਾਰੀ ਹੋ ਕੇ ਵਿਚਰਦੇ ਸੇ। ਚੌਂਦੇ ਪਿੰਡ ਪਾਸ ਐਸੇ ਸਿੰਘਾਂ ਦੇ ਇਕ ਜਥੇ ਨੇ ਡੇਰਾ ਜਾ ਪਾਇਆ। ਸਿੰਘਾਂ

 www.sikhbookclub.com

ਰਸਦ ਮੰਗੀ, ਮੁੱਲ ਅੱਗੇ ਧਰਿਆ, ਪਰ ਲੋਕਾਂ ਨੇ ਦੇਣੋਂ ਨਾਂਹ ਕੀਤੀ। ਨੰਬਰਦਾਰਾਂ ਨੇ ਬੀ ਨਾ ਮੰਨਿਆ। ਸਗੋਂ ਅੱਗੋਂ ਲੜਨ ਨੂੰ ਆ ਪਏ। ਲੋਕੀ ਬਹੁਤ ਸਨ, ਫਤੇ ਖਾਲਸਾ ਦੀ ਹੋਈ ਤੇ ਛਕਣ ਨੂੰ ਬੀ ਸਾਮਾਨ ਮਿਲ ਗਿਆ, ਕ੍ਰਿਪਾਨ ਭੇਟ ਕਰਕੇ ਵਰਤਾਇਆ ਗਿਆ {ਤਵਾਰੀਖ ਖਾਲਸਾ} ਇਸ ਪ੍ਰਕਾਰ ਅਨੇਕ ਤਰ੍ਹਾਂ ਦੇ ਵਾਕੇ ਨਿਤ ਨਵੇਂ ਨਵੇਂ ਰੰਗ ਲੈ ਕੇ ਵਰਤਦੇ; ਪਰ ਪ੍ਰਚਾਰ ਦੇ ਪ੍ਰੇਮੀ ਆਪਣਾ ਪ੍ਰਚਾਰ ਦਾ ਕੰਮ ਕਰਦੇ ਰਹਿੰਦੇ। ਇਸ ਤਰ੍ਹਾਂ ਕਈ ਜਥੇ ਦੇਸ਼ ਵਿਚ ਫਿਰ ਪਏ। ਇਨ੍ਹਾਂ ਦਾ ਮੁੱਖ ਕੰਮ ਸੀ ਗੁਰਸਿੱਖੀ ਦਾ ਉਪਦੇਸ਼ ਦੇਣਾ ਤੇ ਅੰਮ੍ਰਿਤ ਪ੍ਰਚਾਰ ਕਰਨਾ। ਸੰਗਤ ਵਿਚ ਜੋ ਦਬਾਉ ਮਸੰਦਾਂ ਨੇ ਪਾ ਲਿਆ ਹੋਇਆ ਸੀ ਉਸ ਨਾਲ ਸਾਰੇ ਦਬ ਗਏ ਹੋਏ ਸਨ। ਮਸੰਦਾਂ ਦੇ ਆਚਰਣ ਦਾ, ਜੋ ਸਹਾਰਾ ਉਨ੍ਹਾਂ ਨੂੰ ਕਰਨਾ ਪੈਂਦਾ ਸੀ ਸੋ ਦਿਲਾਂ ਵਿਚ ਬੜੀ ਉਦਾਸੀ ਪਾਉਂਦਾ ਸੀ। ਸ੍ਰੀ ਰਾਮ ਰਾਏ ਤੇ ਧੀਰ ਮਲ ਆਦਿਕਾਂ ਨੇ ਜੋ ਮਸੰਦਾਂ ਦੀ ਕਦਰ ਵਧਾਈ ਸੀ ਉਸ ਨਾਲ ਉਹ ਹੋਰ ਖ਼ੁਦਸਰ ਹੋ ਗਏ ਹੋਏ ਸੇ। ਜਦੋਂ ਸਤਿਗੁਰ ਦਾ ਪ੍ਰਚਾਰ ਇਸ ਪ੍ਰਕਾਰ ਟੁਰਿਆ ਤਾਂ ਸੰਗਤਾਂ ਵਿਚ ਬੜਾ ਉਮਾਹ ਹੋਇਆ। ਹਰੇਕ ਵਿਚ ਹੌਸਲਾ ਆ ਗਿਆ ਕਿ ਸਾਡਾ ਸਿੱਧਾ ਨਾਤਾ ਸਤਿਗੁਰੂ ਨਾਲ ਹੈ। ਸਤਿਗੁਰੂ ਨੇ ਅੰਮ੍ਰਿਤ ਅਰਥਾਤ ਗੁਰਦੀਖਜਾ ਦਾ ਅਧਿਕਾਰ ਪੰਜਾਂ ਪਿਆਰਿਆਂ ਵਿਚ ਧਰਕੇ 'ਗੁਰੂ ਖਾਲਸਾ' ਦਾ ਆਦਰਸ਼ ਕਾਇਮ ਕਰਕੇ ਧਾਰਮਕ ਸੁਤੰਤ੍ਰਤਾ ਦੀ ਨੀਂਹ ਬੰਨ੍ਹ ਦਿੱਤੀ। ਸੰਸਾਰ ਦੇ ਇਤਰ ਮਤਾਂ ਵਿਚ ਪੁਜਾਰੀ ਧੜੇ ਵਲੋਂ ਜੋ ਮੁਸ਼ਕਲਾਂ ਸਦਾ ਆਉਂਦੀਆਂ ਹਨ ਸੋ ਖਾਲਸੇ ਲਈ ਦੂਰ ਹੋ ਗਈਆਂ। ਪ੍ਰਜਾ ਦਾ ਦਾਨ ਇਕ ਪ੍ਰਕਾਰ ਵਿਹੁ ਸਮਾਨ ਹੋ ਜਾਂਦਾ ਹੈ। ਕਦੋਂ? ਜਦੋਂ ਇਸ ਦਾ ਲੋਭ ਧਾਰਨ ਹੋ ਜਾਵੇ। ਜੋ ਪੂਜਾ ਦਾ ਧਾਨ ਲੋਭ ਨਾਲ ਗ੍ਰਹਣ ਕਰੇਗਾ ਤੇ ਨਾਮ ਬਾਣੀ ਦੇ ਅਭਿਆਸ ਨਾਲ ਆਪਾ ਸੋਧਣ ਵਾਲਾ ਨਹੀਂ ਹੋਵੇਗਾ, ਉਹ ਜ਼ਰੂਰ ਆਪਣੀ ਮੱਤ ਨੂੰ ਮੈਲਿਆਂ ਕਰ ਲਵੇਗਾ। 'ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।' (ਵਾਰ ਭਾਈ ਗੁਰਦਾਸ)

ਹਰ ਸਿੱਖ ਸਿਪਾਹੀ ਹੈ, ਕਿਉਂਕਿ ਸਤਿਗੁਰ ਨੇ ਸਿੱਖ ਨੂੰ ਸ਼ਸਤ੍ਰਧਾਰੀ ਬਣਾ ਦਿੱਤਾ ਹੈ, ਹਰ ਸਿੱਖ ਦੁਨੀਆਂਦਾਰ ਹੈ, ਕਿਉਂਕਿ ਸਭ ਦਜਾਨਤਦਾਰੀ ਦੇ ਕਿੱਤੇ ਗੁਰਾਂ ਵਿਹਤ ਕਰ ਦਿੱਤੇ ਹਨ। ਹਰ ਸਿੱਖ ਸੰਤ ਹੈ, ਕਿਉਂਕਿ ਨਾਮ ਇਹ ਜਪਦਾ ਤੇ ਬਾਣੀ ਦਾ ਕੀਰਤਨ ਕਰਦਾ ਹੈ ਤੇ ਬਾਣੀ ਦੀ

ਦੇ ਭਾਵ ਨਾਲ ਤੇ ਲੋੜ ਪਈ ਤੇ ਜੁੱਧ ਕਰਕੇ ਆਪਾ ਵਾਰਨ ਤੱਕ ਤੋਂ ਦਰੇਗ ਨਾ ਕਰਨਾ। ਇਹ ਸੀ ਸੁਤੰਤ੍ਰ ਗੁਰ ਸਿੱਖੀ, ਜਿਸ ਵਿਚ ਖੁੱਲ੍ਹ ਬੀ ਆਈ, ਜਥੇਬੰਦੀ ਬੀ ਆਈ, ਰੂਹਾਨੀ ਜੀਵਨ ਬੀ ਰਿਹਾ ਤੇ ਵਾਹਿਗੁਰੂ ਗੁਰੂ ਦੀ ਅਰੋਗ ਤੇ ਨਿਰਮਲ ਆਸਤਕਤਾ ਬੀ ਸਮਾਈ ਤੇ ਸਾਰੇ ਉਤਸ਼ਾਹ ਤੇ ਸ਼ਾਂਤੀ ਵਿਕਾਸ ਦੀ ਜਾਨ ਬਣੀ।

ਇਨ੍ਹਾਂ ਸ਼ਸਤ੍ਰਧਾਰੀ ਨਾਮ ਬਾਣੀ ਦੇ ਪ੍ਰੇਮੀਆਂ ਦੀ ਜਥੇਬੰਦੀ ਹੋ ਰਹੀ ਸੀ। ਖਾਲਸਾ ਜਥੇਬੰਦੀ 'ਅੰਗ ਅੰਗੀ ਭਾਵ' {ਸਰੀਰ ਦੇ ਅੰਗ ਜੀਕੂੰ ਵੱਖ ਵੱਖ ਪਰ ਆਪੋ ਵਿਚ ਇਕ ਮਿਕ ਹੋ ਕੇ ਕਾਰਜ ਕਰ ਰਹੇ ਹਨ, ਐਸੀ ਜਥੇਬੰਦੀ} ਵਾਲਾ ਇਕ ਪਰਿਵਾਰ ਤਜਾਰ ਹੋ ਗਿਆ ਸੀ। ਜਿਥੇ ਸੈਨਾਂ ਓਥੇ ਸੈ ਲੋੜਾਂ, ਖਾਸ ਕਰਕੇ ਅੰਨ, ਦਾਣੇ, ਪੱਠੇ ਦੀ ਲੋੜ। ਜਦੋਂ ਖਾਲਸਾ ਬਨਾਂ ਤੋਂ ਕਿ ਗਿਰਾਵਾਂ ਤੋਂ ਇਹ ਚੀਜ਼ਾਂ ਮੰਗਦਾ ਤੇ ਪੈਸੇ ਦੇ ਕੇ ਮਿਲ ਜਾਂਦੀਆਂ ਤਾਂ ਵਾਹਵਾ, ਜੇ ਚੀਜ਼ਾਂ ਪਹਾੜੀਆਂ ਪਾਸ ਲੋੜ ਤੋਂ ਵਧੀਕ ਤੇ ਵਿਕਰੀ ਵਾਸਤੇ ਹੁੰਦਿਆਂ ਬੀ ਨਾ ਮਿਲਦੀਆਂ ਤਾਂ ਮੁਸ਼ਕਲ ਪੈਂਦੀ। ਇਸ ਮੁਸ਼ਕਲ ਵੇਲੇ ਕਈ ਵੇਰ ਨੀਵੀਂ ਉੱਚੀ ਗਲ ਬਾਤ ਹੋ ਜਾਂਦੀ, ਜੋ ਲੋਕਾਂ ਨੂੰ ਰਾਜਿਆਂ ਪਾਸ ਪੁਕਾਰੂ ਜਾ ਕਰਦੀ। ਜਦੋਂ ਰਾਜਿਆਂ ਵੱਲੋਂ ਪੁੱਛ ਹੁੰਦੀ ਤਾਂ ਇਧਰੋਂ ਉੱਤਰ ਜਾਂਦਾ ਕਿ ਤੁਸੀਂ ਚੀਜ਼ਾਂ ਦੇ ਨਿਰਖ ਬੰਨ੍ਹ ਦਿਓ, ਸਾਥੋਂ ਲੋਕੀਂ ਮੁੱਲ ਲੈ ਲਿਆ ਕਰਨ ਤੇ ਦੇ ਦਿਆ ਕਰਨ। ਇਹ ਗਲ ਕਦੇ ਟੁਰਦੀ ਕਦੇ ਨਾ! ਅਸਲ ਗਲ ਤਾਂ ਇਹ ਸੀ ਕਿ ਔਰੰਗਜ਼ੇਬ ਤੇ ਉਸਦੀ ਸਰਕਾਰ ਵੈਰੀ ਸੀ ਜਿਸ ਕਰਕੇ ਰਾਜੇ ਬੀ ਕੈਰੀ ਅੱਖ ਰਖਦੇ। ਸਿੱਖੀ ਉਹਨਾਂ ਨੂੰ ਬਹੁਤ ਰੜਕਦੀ ਸੀ। ਜਾਪਦਾ ਹੈ ਕਿ ਉਸਦੇ ਇਸ਼ਾਰੇ ਤੇ ਕਦੇ ਰਾਜਿਆਂ ਦੇ ਆਪਣੇ ਭਰਮ ਭੈ ਤੇ ਲਾਲਚ ਵੈਰ ਕਰਵਾਉਂਦੇ ਸੇ। ਇਸ ਕਰਕੇ ਬਹਾਨੇ ਬਹਾਨੇ ਗੁਰੂ ਜੀ ਅੱਗੇ ਮੁਸ਼ਕਲਾਂ ਤੇ ਅੜਚਨਾਂ ਦੇ ਸਾਮਾਨ ਕੀਤੇ ਜਾਂਦੇ ਸਨ। ਜਿਨ੍ਹਾਂ ਵਿਚੋਂ ਕਦੇ ਤਾਂ ਬਿਲਾਸਪੁਰ ਦਾ ਰਾਜਾ ਆਨੰਦਪੁਰ ਦਾ ਕਿਰਾਇਆ ਮੰਗ ਭੇਜਦਾ; ਹਾਲਾਂ ਕਿ ਓਹ ਜ਼ਿਮੀ ਗੁਰੂ ਜੀ ਦੀ ਜ਼ਰ ਖਰੀਦ ਸੀ। ਕਦੇ ਹਾਥੀ ਆਦਿਕ ਸਾਮਾਨ ਮੰਗ ਭੇਜਦਾ, ਕਦੀ ਪ੍ਰਜਾ ਤੋਂ ਅੰਨ ਦਾਣੇ ਤ੍ਰਿਣ ਦੀ ਅੜਚਣ ਖੜੀ ਹੋ ਜਾਂਦੀ, ਕਦੇ ਕੁਛ, ਕਦੇ ਕੁਛ। ਰਾਜਿਆਂ ਦੇ, ਖਾਸ ਕਰਕੇ ਭੀਮਚੰਦ ਦੇ, ਮਾੜੇ ਵਰਤਾਉ ਦੇ ਕਾਰਣ ਹੀ ਗੁਰੂ ਸਾਹਿਬ

ਦੱਸੀ ਰੌਸ਼ਨੀ ਵਿਚ ਟੁਰਦਾ ਹੈ। ਹਰ ਸਿੱਖ ਜੋ ਤਿਆਰ ਬਰਤਿਆਰ ਹੈ, ਅੰਮ੍ਰਿਤ ਤਿਆਰ ਕਰਨ ਵਿਚ ਸ਼ਾਮਲ ਹੋ ਸਕਦਾ ਹੈ, ਧਰਮ ਦੇ ਸੰਸਕਾਰ ਕਰ ਕਰਾ ਸਕਦਾ ਹੈ, ਇਉਂ ਹਰ ਸਿੱਖ ਆਪਣੇ ਧਰਮ ਦਾ ਪ੍ਰੋਹਿਤ ਬੀ ਹੈ। ਸੋ ਸਿੰਘ ਨਾਲੇ ਦੁਨੀਆਂਦਾਰ ਹੈ, ਨਾਲੇ ਦੀਨਦਾਰ ਹੈ, ਨਾਲੇ ਸਿਪਾਹੀ ਹੈ, ਨਾਲੇ ਵਪਾਰੀ ਹੈ, ਨਾਲੇ ਜ਼ਿਮੀਂਦਾਰ ਹੈ, ਨਾਲੇ ਕਿਰਤੀ ਹੈ, ਨਾਲੇ ਸਰਦਾਰ ਹੈ, ਨਾਲੇ ਸੇਵਕ ਹੈ। ਫਿਰ ਇਸ ਤੋਂ ਬੀ ਅੱਗੇ ਕਿਸੇ ਬੀਮਾਰ ਬੁੱਢੇ ਯਾ ਹੋਰ ਸਰੀਰਕ ਕਸ਼ਟ ਵਿਚ ਫਾਥੇ ਨੂੰ ਦੇਖ ਕੇ ਸਿੱਖ ਯਥਾਸ਼ਕਤ ਸੇਵਾ ਬੀ ਕਰਦਾ ਹੈ। ਸੰਗਤ ਵਿਚ ਜਾ ਕੇ ਜੋੜੇ ਝਾੜਦਾ, ਜਲ ਛਕਾਂਦਾ, ਪੱਖੇ ਆਦਿ ਦੀ ਸੇਵਾ ਬੀ ਸਿੱਖ ਕਰਦਾ ਹੈ। ਐਉਂ ਗੁਰੂ ਦਾ ਸਿੱਖ ਆਪਣੇ ਆਪ ਵਿਚ ਸਭ ਗੁਣ ਸੰਪੰਨ ਮੁਕੰਮਲ ਇਨਸਾਨ ਹੈ। ਐਸੀ ਧਾਰਮਕ ਸੁਤੰਤ੍ਰਤਾ ਤੇ ਧਾਰਮਕ ਉੱਚ ਸੁਰਤੀ ਅਵਸਥਾ ਗੁਰੂ ਜੀ ਨੇ ਬਖਸ਼ੀ। ਫਿਰ ਸਿੱਖ ਦੀ ਟੇਕ ਗੁਰੂ ਕੇ ਬਖਸ਼ੇ ਈਸ਼੍ਵਰੀ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਹੈ ਤੇ ਪੰਥ ਵਿਚ ਪ੍ਰਬੁੱਧ ਪੁਰਖਾਂ ਦੇ ਸਤਿਸੰਗ ਦਾ ਉਦਾਲਾ ਇਸ ਨੂੰ ਪ੍ਰਾਪਤ ਹੈ। ਗੁਰਮੁਖ ਦਾ ਮੇਲ, ਸਾਧ ਦਾ ਸੰਗ ਰੋਜ਼ ਅਰਦਾਸੇ ਵਿਚ ਮੰਗਦਾ ਹੈ। ਪਰਮਾਰਥ ਵਿਚ ਨਾਮ ਅਭਜਾਸ ਵਿਚ ਰੂਹਾਨੀ ਮਦਦ ਦੀ ਲੋੜ ਵੇਲੇ ਗੁਰੂ ਕਾ ਸਿੱਖ 'ਗੁਰਮੁਖ' ਦਾ ਸਤਿਸੰਗ ਕਰਕੇ ਆਪਣੇ ਪਰਮਾਰਥ ਦੀਆਂ ਮੰਜ਼ਲਾਂ ਤੈ ਕਰ ਸਕਦਾ ਹੈ। ਸਾਹਿਬਾਂ ਨੇ ਖਾਲਸਾ ਸਾਜ ਕੇ ਇੰਨਾਂ ਸੁਤੰਤ੍ਰ ਤੇ ਉੱਚਾ ਕੀਤਾ ਕਿ ਪੰਜਾਂ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਦਿੱਤਾ। 'ਗੁਰੂ ਖਾਲਸਾ' ਤੇ 'ਖਾਲਸਾ ਗੁਰੂ' ਆਖਿਆ।

ਵਿਦਜਾ ਦਰਬਾਰ ਬੀ ਗੁਰੂ ਜੀ ਨੇ ਸਾਜਿਆ ਸੀ ਆਪਣੇ ਸਿੱਖਾਂ ਵਿਚ ਵਿਦਜਾ ਦਾ ਪ੍ਰਕਾਸ਼ ਬੀ ਦੇ ਰਹੇ ਸੇ। ਬੜੇ ਬੜੇ ਗੁਣੀ ਇਸ ਕੰਮ ਪਰ ਲਾਏ ਹੋਏ ਸੇ। ਸ਼ਸਤ੍ਰ ਵਿਦਜਾ ਦੇ ਨਾਲ ਸ਼ਾਸਤ੍ਰ ਵਿਦਜਾ ਤੇ ਦੁਹਾਂ ਦੇ ਸਿਰ ਤੇ ਸ਼ਾਂਤਿ ਰਸੀ ਵਿਦਜਾ ਦਾ ਪ੍ਰਚਾਰ ਸੀ। ਸ਼ਾਂਤਿ ਰਸੀਆਂ ਦੀ ਰੱਖਜਾ ਬੀਰ ਰਸੀਏ ਕਰਨ, ਬੀਰ ਰਸੀਆਂ ਨੂੰ ਵਿਦਜਾ ਚਾਨਣਾ ਦੇਵੇ ਤੇ ਸ਼ਾਂਤਿ ਰਸੀਏ ਪੰਥ ਨੂੰ ਧਰਮ ਤੇ ਪਰਮਾਰਥ ਤੋਂ ਗਿਰਨ ਨਾ ਦੇਣ। ਤਾਂ ਜੋ ਬੀਰ ਰਸ ਹਠਾਗ੍ਰਹਿ ਦਾ ਨਿਰਦਯਤਾ ਨਾਲ ਨਿਰਾ ਜੁੱਧ ਮਾਤ੍ਰ ਨਾ ਰਹਿ ਜਾਵੇ, ਸਗੋਂ 'ਉਤਸ਼ਾਹ' ਦਾ ਵਿਕਾਸ ਕਰਨ ਵਾਲਾ ਹੋਵੇ। ਬੀਰ ਰਸ ਦਾ ਮੂਲ 'ਉਤਸ਼ਾਹ' ਹੈ। 'ਦਾਨ' ਬੀ ਬੀਰ ਰਸੀ ਸ਼ੈ ਹੈ। ਦਇਆ ਤੋਂ ਦਾਨ ਦੇਣ

ਸਰੂਰ ਦੇ ਰਿਹਾ ਸੀ ਤੇ ਸਰੂਰ ਚਿੱਤ ਨੂੰ ਇਕਾਗ੍ਰ ਕਰ ਰਿਹਾ ਸੀ। ਉੱਚਤਾ ਤੇ ਏਕਾਗ੍ਰਤਾ ਦਾ ਭਾਵ ਸਭ ਦੇ ਅੰਦਰ ਗੱਡ ਰਿਹਾ ਸੀ। ਸੂਰਜ ਲਟਪਟਾ ਗਿਆ, ਸ਼ਾਮਾਂ ਪੈ ਗਈਆਂ। ਸੋਦਰ ਦਾ ਕੀਰਤਨ ਹੋ ਕੇ ਭੋਗ ਪੈ ਗਿਆ, ਰਹਿਰਾਸ ਦਾ ਪਾਠ ਹੋ ਕੇ ਅਰਦਾਸਾ ਸੁਧ ਗਿਆ, ਪ੍ਰਸ਼ਾਦ ਵਰਤ ਗਿਆ। ਸੰਗਤ ਵਿਦਾ ਹੋ ਗਈ। ਗੁਰੂ ਭਗਵਾਨ ਅੱਜ ਓਥੇ ਹੀ ਬਿਰਾਜੇ ਰਹੇ। ਕੁਛ ਕਾਰਜ ਵਿਦਵਾਨਾਂ ਤੇ ਕਵੀਆਂ ਦੇ ਦਾਨ ਸਨਮਾਨ ਦਾ ਇਸ ਵੇਲੇ ਅੱਜ ਹੋਣਾ ਸੀ। ਇਸ ਵੇਲੇ ਤਾਰਨਹਾਰ ਸਤਿਗੁਰੂ ਜੀ ਦੀ ਨਜ਼ਰ ਦੂਰ ਜਾ ਪਈ, ਅੰਦਰ ਜਾਣ ਵਾਲੇ ਦਰਵਾਜ਼ੇ ਦੇ ਅੰਦਰ ਕੰਧ ਨਾਲ ਇਕ ਲੰਮੀ ਭਰਵੀਂ ਪਰ ਨਿੰਮੋਝਾਣ ਸੂਰਤ ਖੜੀ ਸੀ। ਸਾਹਿਬਾਂ ਨੇ ਪਾਸ ਖੜੇ ਸਿੰਘ ਨੂੰ ਪੁੱਛ ਕੀਤੀ "ਸਿੰਘਾ! ਅਹੁ ਕੌਣ ਖੜਾ ਹੈ?" ਉਸ ਅਰਦਾਸ ਕੀਤੀ "ਪਾਤਸ਼ਾਹ! ਕੋਈ ਪ੍ਰੇਮੀ ਹੈ ਜੋ ਦੋ ਤ੍ਰੈ ਦਿਨ ਤੋਂ ਦੁਇ ਵੇਲੇ ਆਉਂਦਾ ਹੈ, ਇਸ ਤਰ੍ਹਾਂ ਉਥੇ ਹੀ ਖੜਾ ਰਹਿੰਦਾ ਤੇ ਟੁਰ ਜਾਂਦਾ ਹੈ।"

ਗੁਰੂ ਜੀ— ਉਰੇ ਤਾਂ ਨਹੀਂ ਆਇਆ ਜਾਪਦਾ। ਦਰਸ਼ਨ ਮੇਲੇ ਹੋਏ ਨਹੀਂ ਲੱਗਦੇ।

ਸਿੰਘ— ਪਾਤਸ਼ਾਹ! ਪਹਿਲੇ ਤਾਂ ਬੂਹੇ ਦੇ ਬਾਹਰ ਆ ਖੜਦਾ ਸੀ ਤੇ ਮੁਹਾਠ ਉੱਤੇ ਸਿਰ ਧਰਕੇ ਚਲਾ ਜਾਂਦਾ ਸੀ, ਹੁਣ ਦਲ੍ਹੀਜਾਂ ਤੇ ਸਿਰ ਧਰਕੇ, ਚਰਨ ਧੂੜ ਮੱਥੇ ਲਾ ਕੇ, ਅੰਦਰ ਆ ਜਾਂਦਾ ਹੈ, ਪਰ ਉਸੇ ਕੰਧ ਨਾਲ ਲੱਗ ਕੇ ਖੜਾ ਆਪ ਦੇ ਦਰਸ਼ਨ ਕਰਦਾ ਰਹਿੰਦਾ ਹੈ। ਭੋਗ ਪੈਣ ਵੇਲੇ ਕੜਾਹ ਪ੍ਰਸ਼ਾਦ ਦੇ ਵਰਤਾਰੇ ਤੋਂ ਅਗੇਰੇ ਟੁਰ ਜਾਂਦਾ ਹੈ। ਅਜ ਪਤਾ ਨਹੀਂ ਕਿਉਂ ਖਲੋਤਾ ਰਿਹਾ ਹੈ ਤੇ ਅਜੇ ਬੀ ਉਸ ਦੇ ਜਾਣ ਦੇ ਕੋਈ ਚਿੰਨ੍ਹ ਨਜ਼ਰ ਨਹੀਂ ਪੈਂਦੇ। ਖ਼ਬਰੇ ਕੋਈ ਗੱਲ ਕਰਨੀ ਹੋ ਸੁ ਤੇ ਸੰਗਦਾ ਅੱਗੇ ਨਹੀਂ ਆਉਂਦਾ; ਆਗਜਾ ਹੋਵੇ ਤਾਂ ਪਤਾ ਕਰਾਂ?

ਗੁਰੂ ਜੀ— ਕਰੋ।

ਕੁਛ ਪਲਾਂ ਮਗਰੋਂ ਉਹ ਉਸ ਪਾਸ ਹੋ ਕੇ ਮੁੜ ਆਇਆ ਤੇ ਹਜ਼ੂਰੀ ਵਿਚ ਬਿਨੈ ਕੀਤੀਓਸ ਕਿ "ਪਾਤਸ਼ਾਹ! ਪੁੱਛਣ ਤੇ ਦੱਸਿਆ ਸੂ ਕਿ 'ਕਲਾਲ ਹਾਂ', ਹੋਰ ਕਿਸੇ ਗੱਲ ਦਾ ਉੱਤਰ ਨਹੀਂ ਸੂ ਦਿੱਤਾ। ਹੋਰ ਜੋ ਪੁੱਛਿਆ ਉਸ ਦੇ ਉਤਰ ਵਿਚ ਦੋ ਅੱਥਰੂ ਕਿਰ ਪੈਂਦੇ ਸੂ।" ਸਤਿਗੁਰ ਜੀ ਇਹ ਸੁਣ ਕੇ ਕੁਛ ਆਖਣ ਲਗੇ ਹੀ ਸਨ ਕਿ ਕਵੀ ਉਤੋੜੁੱਤੀ ਆਉਣ ਲਗ

ਪਾਉਂਟੇ ਜਾ ਵਸੇ ਸੇ। ਰਾਜਿਆਂ ਦੀ ਪਹਿਲ ਨਾਲ ਭੰਗਾਣੀ ਦਾ ਯੁੱਧ ਹੋਇਆ ਸੀ। ਉਸ ਜੰਗ ਵਿਚ ਰਾਜਿਆਂ ਦੀ ਹਾਰ ਹੋਈ। ਗੁਰੂ ਜੀ ਮੁੜ ਆਨੰਦਪੁਰ ਆ ਵਸੇ। ਏਥੇ ਵਸਦਿਆਂ ਲੋੜ ਵੇਲੇ ਜੈਸੇ ਨਾਦੌਣ ਦੇ ਜੰਗ ਵਿਚ ਰਾਜੇ ਗੁਰੂ ਜੀ ਦੀ ਸ਼ਰਨ ਬੀ ਆ ਜਾਂਦੇ, ਮਦਦ ਬੀ ਲੈਂਦੇ, ਫੇਰ ਅੱਖਾਂ ਬੀ ਫੇਰ ਲੈਂਦੇ ਤੇ ਤੰਗ ਬੀ ਕਰਦੇ। ਇਸ ਤਰ੍ਹਾਂ ਦੇ ਵਰਤਾਵਿਆਂ ਵਿਚ ਭੀਮਚੰਦ ਤਾਂ ਚਲ ਬਸਿਆ ਤੇ ਉਸ ਦੀ ਥਾਵੇਂ ਉਸ ਦਾ ਪੁੱਤ ਅਜਮੇਰ ਚੰਦ ਗੱਦੀ ਤੇ ਬੈਠਾ। ਇਸ ਦਾ ਵਰਤਾਉ ਬੀ ਪਿਤਾ ਵਰਗਾ ਹੀ ਖੋਟਾ ਸੀ। ਇਸ ਨੇ ਇਕ ਵੇਰ ਇਕ ਚਲਾਕੀ ਕੀਤੀ ਕਿ ਆਪਣੇ ਇਕ ਵਜ਼ੀਰ ਨੂੰ, ਜਿਸ ਨੂੰ ਸਿੱਖ ਪੁਸਤਕਾਂ ਵਿਚ 'ਪੰਮਾ' ਲਿਖਿਆ ਹੈ, ਜੋ ਪਰਮਾਨੰਦ ਦਾ ਸੰਖੇਪ ਜਾਪਦਾ ਹੈ, ਗੁਰੂ ਦਰਬਾਰ ਵਿਚ ਘੱਲਿਆ ਕਿ ਗੁਰੂ ਜੀ ਨਾਲ ਕੋਈ ਜ਼ਾਹਿਰਾ ਸਮੱਸਿਆ ਦੀ ਸੂਰਤ ਪੈਦਾ ਕਰੇ। ਇਸ ਨੇ ਆ ਕੇ ਪਰਜਾ ਦੀ ਪੁਕਾਰ ਬਾਬਤ ਵਾਰਤਾਲਾਪ ਕੀਤੀ ਤਾਂ ਸਤਿਗੁਰੂ ਜੀ ਦੇ ਦਰਬਾਰ ਦੇ ਮੁਖੀ ਮਾਮਾ ਕ੍ਰਿਪਾਲ ਚੰਦ {ਜੋ ਪਿਛੋਂ ਅੰਮ੍ਰਿਤ ਛਕ ਕੇ ਕ੍ਰਿਪਾਲ ਸਿੰਘ ਹੋਏ ਤੇ ਦਿੱਲੀ ਵਿਚ ਮਾਤਾ ਸੁੰਦਰੀ ਜੀ ਦੇ ਦੇਹਾਂਤ ਤਕ ਜੀਉਂਦਿਆਂ ਦੀਆਂ ਸੂਹਾਂ ਮਿਲਦੀਆਂ ਹਨ ਤੇ ਮਗਰੋਂ ਬੀ ਕੁਛ ਚਿਰ ਜੀਵੇ ਹਨ} ਨੇ ਆਖਿਆ: 'ਹੇ ਵਜ਼ੀਰ! ਸਾਡੀ ਵਿਖਾਂਦ ਕੋਈ ਨਹੀਂ, ਤੁਸੀਂ ਆਪਣੀ ਪਰਜਾ ਨੂੰ ਹੁਕਮ ਦੇ ਛਡੋ ਜੋ ਘਾਹ ਲੱਕੜੀ ਬਦਲੇ ਸਿੱਖਾਂ ਨਾਲ ਨਾ ਲੜਿਆ ਕਰਨ ਤੇ ਦੁਧ ਘਿਓ, ਅੰਨ, ਸ਼ੱਕਰ ਮੁਲ ਕੀਮਤ ਲੈ ਕੇ ਦੇ ਦਿਆ ਕਰਨ {ਖਾ. ਤਵਾ.} ਪੰਮਾ ਇਹ ਗੱਲਾਂ ਸੁਣ ਕੇ ਮੰਨ ਮੰਨਾ ਕੇ ਚਲਾ ਗਿਆ, ਪਰ ਵਰਤਾਰਾ ਉਹੋ ਹੀ ਰਿਹਾ ਤੇ ਸਿੱਖਾਂ ਨੂੰ ਮੁਸ਼ਕਲਾਂ ਪੈਣ ਤੇ ਉਹੋ ਕੁਛ ਕਰਨ ਲਈ ਮਜਬੂਰ ਹੋਣਾ ਪੈਂਦਾ ਰਿਹਾ।

2.

**ਇਕ** ਦਿਨ ਲੌਢੇ ਪਹਿਰ ਦੀਵਾਨ ਸਜ ਰਿਹਾ ਸੀ, ਕੀਤਰਨ ਹੋ ਰਿਹਾ ਸੀ, ਤਾਰਿਆਂ ਵਿਚ ਚੰਦ ਵਾਂਙੂ ਸਭਾ ਦੇ ਸੁਆਮੀ ਵਿਰਾਜਮਾਨ ਹੋਏ ਸ਼ੋਭ ਰਹੇ ਸਨ, ਨੂਰੀ ਚਿਹਰੇ ਤੋਂ ਤੇਜ ਤੇ ਸ਼ਾਂਤੀ ਦੀ ਮਿਲਵੀਂ ਨੂਰ ਫੁਹਾਰ ਪੈ ਰਹੀ ਸੀ। ਚਕੋਰ-ਮਨ-ਸਿੱਖ ਦਰਸ਼ਨ ਕਰ ਕਰਕੇ ਆਨੰਦ ਲੈ ਰਹੇ ਸਨ। ਇਕ ਪਾਸੇ ਨੈਣਾਂ ਦੇ ਸਾਹਮਣੇ ਪ੍ਰਤੱਖ ਦਰਸ਼ਨ ਸਨ, ਦੂਜੇ ਪਾਸੇ ਕੰਨ ਕੀਰਤਨ ਦੀ ਅੰਮ੍ਰਿਤ ਫੁਹਾਰ ਨੂੰ ਪੀ ਰਹੇ ਸਨ, ਦੋਹਾਂ ਦਾ ਮਿਲਵਾਂ ਅਸਰ ਇਕ

 www.sikhbookclub.com

ਪਏ ਤੇ ਆਪ ਉਸ ਪਰਚੇ ਵਿਚ ਲੱਗ ਗਏ। ਜਿਨ੍ਹਾਂ ਬਾਹਰੋਂ ਆਏ ਕਵੀਆਂ ਦੀ ਰਚਨਾ ਪਰ ਪ੍ਰਸੰਨ ਹੋਏ ਸਨ ਤੇ ਉਨ੍ਹਾਂ ਟੁਰਨਾ ਸੀ, ਉਨ੍ਹਾਂ ਨੂੰ ਧਨ, ਘੋੜੇ, ਬਸਤ੍ਰ, ਸਿਰੋਪਾਉ ਦੇ ਕੇ ਵਿਦਾ ਕੀਤਾ। ਕੁਛ ਕਵੀਆਂ ਨੇ ਆਪਣੀ ਮਨੋਹਰ ਰਚਨਾ ਸੁਣਾਈ। ਜਦੋਂ ਸਾਰੇ ਕਵੀ ਵਿਦਾ ਹੋ ਗਏ ਤਾਂ ਸਾਹਿਬ ਡੇਰੇ ਜਾਣ ਲਈ ਉਠੇ। ਟੁਰੇ ਤਾਂ ਫੇਰ ਨਜ਼ਰ ਕੰਧ ਵਲ ਪਈ, ਉਹ ਸੂਰਤ ਓਵੇਂ ਹੀ ਖੜੀ ਸੀ। ਤਦ ਸਤਿਗੁਰਾਂ ਨੂੰ ਫੇਰ ਧਿਆਨ ਪੈ ਗਿਆ ਕਿ ਉਹੋ ਆਦਮੀ ਖੜਾ ਹੈ ਜਿਸ ਨੇ ਪੁੱਛਣ ਪਰ ਆਪਣਾ ਪਤਾ 'ਕਲਾਲ' ਦੱਸਕੇ ਕੇਵਲ ਨੈਣਾਂ ਦੇ ਜਲ ਨਾਲ ਗੱਲ ਕੀਤੀ ਸੀ। ਆਪ ਹੁਣ ਉਸ ਵੱਲ ਤੱਕਦੇ ਦਰਵਾਜ਼ੇ ਨੂੰ ਆਏ, ਤਾਂ ਆਪ ਅਜੇ ਥੋੜੀ ਦੂਰ ਹੀ ਸਨ ਕਿ ਉਸਨੇ ਦੰਡਵਤ ਮੱਥਾ ਟੇਕਿਆ। ਆਪ ਖੜੋ ਗਏ, ਹੁਕਮ ਹੋਇਆ "ਸਿੱਖਾ ਉੱਠ ਗੁਰੂ ਭਲਾ ਕਰੇ।" ਸਿਖ ਉਠ ਕੇ ਫੇਰ ਖੜੋ ਗਿਆ। ਨੈਣ ਜਲ ਪੂਰਤ ਸਨ ਤੇ ਚਰਨਾਂ ਵਲ ਲੱਗ ਰਹੇ ਸਨ। ਮਿਹਰਾਂ ਦੇ ਮਾਲਕ ਨੇ ਪੁੱਛਿਆ 'ਪੁਰਖਾ! ਕੌਣ ਹੈਂ ਤੂੰ?" ਠੰਢਾ ਸਾਹ ਲੈ ਕੇ ਉਸ ਨੇ ਬਿਨੈ ਕੀਤੀ: "ਪਾਤਸ਼ਾਹ! ਕਲਾਲ ਹਾਂ ਜਾਤ ਦਾ, ਨੀਵੀਂ ਜਾਤ"। ਗੁਰੂ ਜੀ ਮੁਸਕ੍ਰਾਕੇ ਬੋਲੇ: "ਕਲਾਲ ਕੌਣ ਹੁੰਦਾ ਹੈ ਬਈ... ?"

ਸਿਖ— ਪਾਤਸ਼ਾਹ! ਇਕ ਜਾਤ ਹੈ ਜਿਸਨੂੰ ਬ੍ਰਾਹਮਣ ਨੀਵੀਂ ਦੱਸਦੇ ਹਨ। ਜਿਸ ਨਾਲ ਬ੍ਰਾਹਮਣ ਖੱਤ੍ਰੀ ਵਰਤਣੋਂ ਬੜਾ ਸੰਕੋਚ ਕਰਦੇ ਹਨ।

ਗੁਰੂ ਜੀ— ਅੱਛਾ ਕਲਾਲ, ਹੂੰ ਕਲਾਲ...ਸਿਖਾ ਕਲਾਲ ਤਾਂ ਗੁਰੂ ਕਾ ਲਾਲ ਹੁੰਦਾ ਹੈ।

ਇਹ ਸੁਣਦਾ ਹੀ ਕਲਾਲ ਬਿਹਬਲ ਹੋ ਕੇ ਚਰਨਾਂ ਤੇ ਢਹਿ ਪਿਆ। ਅਰੋਗਤਾ ਦੀ, ਪਵਿੱਤ੍ਰਤਾ ਦੀ, ਮਿਹਰ ਦੀ, ਪਿਆਰ ਦੀ ਛੁਹ ਲਾਉਣ ਵਾਲੇ ਬਖ਼ਸ਼ਿੰਦ ਦਾਤੇ ਨੇ ਬਾਹੋਂ ਫੜਕੇ ਉਠਾਲਿਆ ਤੇ ਆਪਣੀ ਹਰਿਨਾਮ ਦੀ ਪਵਿਤ੍ਰਤਾ ਨਾਲ ਦਗ ਦਗ ਕਰ ਰਹੀ ਛਾਤੀ ਨਾਲ ਲਾ ਲਿਆ ਤੇ ਫੇਰ ਆਖਿਆ: 'ਕਲਾਲ ਗੁਰੂ ਕਾ ਲਾਲ।'

**ਜਾਤੀ ਦੈ ਕਿਆ ਹਥਿ ਸਚੁ ਪਰਖੀਐ॥**
**ਮਹੁਰਾ ਹੋਵੈ ਹਥਿ ਮਰੀਐ ਚਖੀਐ॥**
(ਵਾਰ ਮਾ: ਮ: ੧-੧੦)

{ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀਅਨ ਮਾਨਬੋ॥ ਹਿੰਦੂ ਔ ਤੁਰਕ ਕਊ ਰਾਫਜੀ ਇਮਾਮ ਸਾਫ਼ੀ ਮਾਨਸ ਕੀ ਜਾਤ ਸਬੈ ਏਕੇ ਪਹਿਚਾਨਬੋ॥ ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ ਦੂਸਰੋ ਨ ਪੇਦ ਕੋਈ ਭੂਲ ਭ੍ਰਮ ਮਾਨਬੋ॥ ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੧੫॥੮੫ (ਪਾਤਸ਼ਾਹੀ ੧੦)}

ਸ਼ਰਨਾਗਤ ਦੇ ਸਿਰ ਤੇ ਸਤਿਗੁਰ ਦਾ ਹੱਥ, ਮਿਹਰਾਂ ਦਾ ਦਾਤਾ ਹੱਥ, ਫਿਰ ਰਿਹਾ ਹੈ ਤੇ ਵਾਕ ਹੋ ਰਿਹਾ ਹੈ:-'ਸਭ ਪਾਲਾਂ ਭੰਨ ਘੱਤੀਆਂ ਹਨ, ਅੰਮ੍ਰਿਤ ਛਕ, ਜਾਤ ਫਾਹੀ ਵਿਚੋਂ ਨਿਕਲ, ਖ਼ਾਲਸਾ ਸਜ। ਤੂੰ ਗੁਰੂ ਦਾ ਲਾਲ, ਪਰ ਤਜਾਗ ਆਪਣੇ ਕਲਾਲ, ਸੁਨਿਆਰਾ, ਜਟ, ਛੀਂਬਾ ਭਾਵਾਂ ਨੂੰ। ਜਾਤਾਂ ਬਣ ਗਈਆਂ ਹਨ ਤ੍ਰੇੜਾਂ ਪਰਜਾ ਦੇ ਮਹਿਲ ਦੀਆਂ ਤੇ ਏਹ ਵੜ ਗਈਆਂ ਹਨ ਤੁਸਾਂ ਦੇ ਬੀ ਅੰਦਰ। ਏਹ ਜਾਤਾਂ ਹਨ ਕੰਮਾਂ ਦੀ ਵੰਡ, ਹੁਣ ਬਣ ਗਈਆਂ ਹਨ ਹੰਕਾਰ ਤੇ ਦਬੇਲਪਣੇ ਦੀਆਂ ਵਿੱਥਾਂ।'

ਸਿਖ— ਪਾਤਸ਼ਾਹ! ਮੈਂ ਅੰਮ੍ਰਿਤ ਛਕ ਸਕਦਾ ਹਾਂ?

ਗੁਰੂ ਜੀ— ਕਿਉਂ ਨਾ! ਅੰਮ੍ਰਿਤ ਪ੍ਰਾਣੀ ਮਾਤ੍ਰ ਲਈ ਹੈ। ਹਰ ਕੋਈ ਸਿੰਘ ਸਜ ਸਕਦਾ ਹੈ। ਮੇਰਾ ਦੀਵਾਨ, ਮੇਰਾ ਲੰਗਰ ਛੁਹ ਵਾਲਿਆਂ ਦੀ ਛੁਹ ਦੂਰ ਕਰਦਾ ਹੈ।

**ਸਭੇ ਸਾਝੀਵਾਲ ਸਦਾਇਨਿ ਤੂੰ**
**ਕਿਸੈ ਨ ਦਿਸਹਿ ਬਾਹਰਾ ਜੀਉ॥**
(ਮਾਝ ਚਉ: ਮ:੫-੨)

ਸਿਖ— (ਲੰਮਾ, ਠੰਢਾ ਪਰ ਸੁਖ ਦਾ ਸਾਹ ਲੈ ਕੇ) ਹੇ ਆਪ ਮਾਲਕਾ, ਬਿਰਦ ਪਾਲਕਾ, ਸ਼ੁਕਰ! ਕਿ ਮੈਂ ਆਪਦੀ ਦੇਵਤਿਆਂ ਵਾਲੀ ਸਭਾ ਵਿਚ ਬੈਠ ਸਕਾਂਗਾ। ਆਪ ਦੀ ਲਾਈ ਸੱਚੇ ਰਿਖੀਆਂ ਦੀ ਪੰਗਤ ਵਿਚ ਸਾਂਝੀਵਾਲ ਹੋ ਸਕਾਂਗਾ। ਸ਼ੁੱਕਰ ਹੈ ਸ਼ੁਕਰ, ਪਰ ਹਾਇ, ਪਿੰਡ ਦੇ ਬ੍ਰਾਹਮਣ ਤੇ ਜ਼ਿਮੀਆਂ ਦੇ ਮਾਲਕ ਜੱਟ ਜ਼ਿਮੀਂਦਾਰ ਮੈਨੂੰ ਕਦੋਂ ਇਹ ਦਰਜਾ ਦੇਣਗੇ। ਲੱਗੀ ਪੰਗਤ ਵਿਚ ਕਹਿਣਗੇ: ਅਲੱਗ ਜਾਓ ਭੋਜਨ ਕਰੋ ਯਿਹ ਬ੍ਰਾਹਮਣੋਂ ਕੀ ਪੰਕਤੀ ਹੈ।

 www.sikhbookclub.com

ਗੁਰੂ ਜੀ— ਅੰਮ੍ਰਿਤ ਤੇਰੀ ਜਾਤ ਜਨਮ ਦੀ ਹੀਣਤਾ ਖੋਏਗਾ, ਤੂੰ ਆਪਣੇ ਅੰਦਰੋਂ ਆਪਣੀ ਭਾਵ ਵਿਚ ਵਸ ਰਹੀ ਹੀਣਤਾ ਦੂਰ ਕਰ ਦੇਹ। ਉੱਚ ਕਰਮੀ ਹੋ, ਉੱਚ ਸੁਰਤਾ ਹੋ, ਉੱਚ ਭਾਵਾਂ ਵਿਚ ਵਸ। ਪਰਵਾਹ ਨਾ ਕਰ ਅਭਿਮਾਨ ਨਾਲ ਉੱਚੇ ਬਣ ਰਿਹਾਂ ਦੀ।

ਸਿਖ— ਪਾਤਸ਼ਾਹ, ਮੇਰਾ ਪਿੰਡ ਅੱਧਾ ਬ੍ਰਾਹਮਣਾਂ ਦਾ ਅੱਧਾ ਜ਼ਿਮੀਂਦਾਰਾਂ ਦਾ ਹੈ, ਮੇਰੇ ਪਿੰਡ ਦਾ ਇਕ ਬ੍ਰਾਹਮਣ ਆਪ ਦਾ ਸਿਖ ਹੋਇਆ ਹੈ, ਓਸ ਅੰਮ੍ਰਿਤ ਛਕਿਆ ਹੈ, ਉਸ ਨਾਲ ਬ੍ਰਾਹਮਣ ਖੁਣਸਦੇ ਹਨ। ਮੈਨੂੰ ਓਸ ਨੇ ਆਪ ਦੀ ਦੱਸ ਪਾਈ ਹੈ। ਉਸ ਆਖਿਆ ਹੈ ਕਿ ਗੁਰੂ ਗੋਦੀ ਵਿਚ ਜਾਤ ਅਜਾਤ ਦਾ ਭੇਦ ਨਹੀਂ ਹੈ ਮੈਂ ਤਾਂ ਬੀ ਡਰਦਾ ਡਰਦਾ ਆਇਆ ਸਾਂ। ਪਰ ਸਦਕੇ ਹਾਂ ਆਪ ਦੇ ਨੀਵਿਆਂ ਨੂੰ ਉੱਚੇ ਕਰਨ ਦੇ ਬਿਰਦ ਦੇ।

**ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥**
**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥**
(ਰਾਮ: ਵਾਰ ਮਹਲਾ ੫-੧)

ਗੁਰੂ ਜੀ— ਪਰਮੇਸ਼ਰ ਤੋਂ ਵੇਮੁਖਤਾ, ਆਚਰਨ ਦਾ ਨੀਵਾਪਨ, ਸੁਭਾਵ ਦੀ ਨੀਚਤਾ ਪਰਸਪਰ ਵਰਤਾਉ ਵਿਚ ਈਰਖਾ, ਇਸ ਤਰ੍ਹਾਂ ਦੇ ਅਵਗੁਣ ਜਾਤ ਨੂੰ ਨੀਵਿਆਂ ਕਰਦੇ ਹਨ। ਅਵਗੁਣ ਤਿਆਗਣੇ, ਗੁਣ ਵਿਹਾਝਣੇ, ਬਾਣੀ ਪੜ੍ਹਨੀ, ਸੁਣਨੀ, ਵਿਚਾਰਨੀ, ਨਾਮ ਜਪਣਾ ਇਹ ਉੱਤਮ ਜਾਤੀ ਹੋਣਾ ਹੈ।

ਸਿਖ— ਧੰਨ ਹੋ ਦਾਤਾ ਗੁਰੂ ਜੀ!

ਫਿਰ ਹੁਕਮ ਹੋ ਗਿਆ ਕਿ ਇਸ ਨੂੰ ਅੰਮ੍ਰਿਤ ਛਕਾਓ, ਅਭੇਦ ਵਰਤਾਓ। ਕੱਲ ਦੇ ਦੀਵਾਨ ਵਿਚ ਕੜਾਹ ਪ੍ਰਸ਼ਾਦ ਇਹ ਆਪ ਤਿਆਰ ਕਰਕੇ ਲਿਆਵੇ ਤੇ ਸੰਗਤ ਵਿਚ ਵਰਤੇ {ਇਕ ਕਲਾਲ ਖਾਨਦਾਨ ਤੋਂ ਮਿਲੀ ਰਵਾਯਤ ਹੈ}

ਐਉਂ ਦਾਤਾ ਜੀ ਜਾਤਾਂ ਦੀਆਂ ਪਾਲਾਂ ਢਾਹ ਰਹੇ ਸਨ ਤੇ ਸਾਰਿਆਂ ਨੂੰ ਵਾਹਿਗੁਰੂ ਦੀ ਗੋਦ ਪਾ ਰਹੇ ਸਨ। "ਜਾਤਿ ਕਾ ਗਰਬੁ ਨ ਕਰੀਅਹੁ ਕੋਈ" ਦੇ ਪਵਿੱਤ੍ਰ ਵਾਕ ਨੂੰ ਅਮਲੀ ਤੌਰ ਤੇ ਵਰਤਕੇ ਦਿਖਾ ਰਹੇ ਸਨ। ਅੱਜ ਜੋ ਸਿੱਖੀ ਵਿਚ ਸਾਰੀਆਂ ਜ਼ਾਤਾਂ ਸਨਮਾਨਤਿ ਹਨ ਤੇ ਹੁਣ ਜਾਗ੍ਰਤ ਆ ਰਹੀ ਹੈ ਕਿ ਹਿੰਦੂ ਆਪ ਅਛੂਤਾਂ ਨੂੰ ਰਲਾਉਣ ਵਿਚ ਲਗੇ ਹਨ

ਇਹ ਮੁਅਜਿਜ਼ਾ ਢਾਈ ਸੌ ਬਰਸ {ਕਲਗੀਧਰ ਜੀ ਨੇ ਅੰਮ੍ਰਿਤ ਛਕਾ ਕੇ ਖਾਲਸਾ ੧੬੯੯ ਈ (੧੭੫੬ ਬਿ) ਨੂੰ ਸਜਾਇਆ ਸੀ} ਹੋਏ ਤਾਂ ਦਾਨਿਆਂ ਦੇ ਸਿਰਮੌਰ ਗੁਰੂ ਜੀ ਨੇ ਕਰਕੇ ਦਿਖਾਇਆ ਸੀ। ਕਾਸ਼ ਹਿੰਦੂ ਓਦੋਂ ਸਮਝਦੇ ਤੇ ਮਾਲਕ ਦੀ ਆਵਾਜ਼ ਸੁਣਦੇ ਤਾਂ ਢਾਈ ਸੌ ਬਰਸ ਅੱਜ ਤੋਂ ਪਹਿਲਾਂ ਸੁਤੰਤ੍ਰ ਤੇ ਸੁਖੀ ਹੋ ਗਏ ਹੁੰਦੇ। ਓਹ ਪਿਆਲਾ, ਜੋ ਗੁਰੂ ਨੇ ਅਮੁੱਲ ਦਿੱਤਾ ਸੀ, ਵੇਲੇ ਸਿਰ ਨਾ ਲਿੱਤਾ। ਅੱਜ ਢਾਈ ਸੌ ਸਾਲ ਦੇ ਦੁਖੜੇ ਮੁੱਲ ਵਜੋਂ ਭਰਕੇ ਹੁਣ ਆਪ ਉਸੇ ਰਾਹੇ ਪੈ ਰਹੇ ਹਨ।

ਕਲਗੀਆਂ ਵਾਲੇ ਦੀ ਕਰਾਮਾਤ ਵੇਖੋ, ਉਹਨਾਂ ਦੇ ਬਚਨਾਂ ਦੀ ਸਤਜਾ ਵੇਖੋ। ਪੰਥ ਵਿਚ ਦੋ ਬੀਰ ਬਹਾਦਰ ਜੱਸਾ ਸਿੰਘ ਨਾਮ ਦੇ ਹੋਏ ਹਨ, ਇਕ ਇਸ ਗੁਰੂ ਕੇ ਲਾਲ ਵਾਲੀ ਜ਼ਾਤ ਵਿਚੋਂ ਸਿੰਘ ਸਜੇ, ਦੂਸਰੇ ਕਾਰੀਗਰ ਜ਼ਾਤ ਵਿਚੋਂ। ਦੂਸਰਿਆਂ ਦਾ ਨਾਮ ਰਾਮਗੜ੍ਹੀਏ ਪਿਆ ਜੋ ਖਾਲਸੇ ਦੇ ਪਹਿਲੇ ਕਿਲ੍ਹੇ ਰਾਮਗੜ੍ਹ ਦੇ ਕਿਸੇ ਸੰਬੰਧ ਤੋਂ ਵੱਜਿਆ ਤੇ ਆਪ ਰਾਮਗੜ੍ਹੀਆ ਮਿਸਲ ਦੇ ਸਨਮਾਨ ਜੋਗ ਬਾਨੀ ਹੋਏ। ਪਹਿਲੇ ਜੱਸਾ ਸਿੰਘ ਜੀ ਆਪਣੇ ਪਿੰਡ ਦੇ ਨਾਂ ਤੋਂ ਆਹਲੂਵਾਲੀਏ ਕਹਾਏ। ਇਹ ਸਰਦਾਰ ਬਾਬੇ ਬੰਦੇ ਤੋਂ ਕੁਛ ਚਿਰ ਮਗਰੋਂ ਦੁਖਾਂ ਦੇ ਸਮੇਂ ਤੇ ਪਿਛਲੇ ਦਿਨਾਂ ਵਿਚ ਕਰੜੇ ਕਸ਼ਟਾਂ ਵਿਚੋਂ ਪੰਥ ਸੇਵਾ ਦੇ ਸਮੇਂ ਹੋਏ ਹਨ। ਬਾਬੇ ਬੰਦੇ ਤੋਂ ਬਾਦ ਸਿੱਖਾਂ ਦਾ ਪਹਿਲਾ ਕਾਮਯਾਬ ਜਥੇਦਾਰ ਆਪ ਨੂੰ ਸਮਝਣਾ ਚਾਹੀਏ। ਆਹਲੂਵਾਲੀਆ ਮਿਸਲ ਦੇ ਕਪੂਰਥਲੇ ਘਰਾਣੇ ਦੇ ਵਡੇ ਆਪ ਹੀ ਸਨ। ਆਪ ਦੇ ਆਤਮਕ ਪ੍ਰਭਾਵ ਦਾ ਪੰਥ ਵਿਚ ਉਹ ਸਨਮਾਨ ਸੀ ਕਿ ਵੱਡੇ ਵੱਡੇ ਸਿੰਘ ਆਪ ਤੋਂ ਅੰਮ੍ਰਿਤ ਛਕਣਾ ਫਖਰ ਸਮਝਦੇ ਸਨ। ਖੱਤ੍ਰੀ ਬ੍ਰਾਹਮਣ ਤਕ ਸਿੱਖੀ ਵਿਚ ਆਉਣ ਵਾਲੇ ਪ੍ਰੇਮੀ ਬਾਬਾ ਜੀ ਤੋਂ ਅੰਮ੍ਰਿਤ ਛਕਣ ਨੂੰ ਲੋਚਿਆ ਕਰਦੇ ਸਨ। ਇਹ ਹੈ ਜ਼ਾਹਰੀ ਕਰਾਮਾਤ "ਗੁਰੂ ਕੇ ਲਾਲ" ਦੇ ਵਰ ਦੇਣ ਵਾਲੇ ਦੀ {ਕਲਗੀਆਂ ਵਾਲੇ ਦੀ ਇਸ ਕਰਾਮਾਤ ਦਾ ਜਿਸ ਮੁੱਲ ਜਾਚਣਾ ਹੋਵੇ ਓਹ ਯੂ.ਪੀ. ਵਿਚ ਇਕ ਦੌਰਾ ਕਰਕੇ ਕਲਾਲਾਂ ਨਾਲ ਵਰਤਾਉ ਨੂੰ ਦੇਖੇ}, ਜਿਸ ਦੇ ਨਿਵਾਜੇ ਗੁਰੂ ਕੇ ਲਾਲ ਦੇ ਹੱਥੋਂ ਹੋਰ ਜਾਤੀਆਂ ਨੇ ਅੰਮ੍ਰਿਤ ਛਕ ਕੇ ਖਾਲਸਾ ਧਰਮ ਧਾਰਨ ਕੀਤਾ।

 www.sikhbookclub.com

3.

**ਇਤਿਹਾਸ** ਘੋਖਿਆਂ ਸੂੰਹ ਪੈਂਦੀ ਹੈ ਕਿ ਅਜਮੇਰ ਚੰਦ ਕਹਿਲੂਰੀ ਰਾਜੇ ਤੇ ਹੋਰਾਂ ਨੇ ਗੁੱਝਾ ਮਤਾ ਮਤਾਇਆ ਕਿ ਭੰਗਾਣੀ ਜੁੱਧ ਕਰਕੇ ਹਾਰ ਖਾ ਕੇ ਅਸੀਂ ਗੁਰੂ ਦੀ ਤਾਕਤ ਦੇਖ ਚੁਕੇ ਹਾਂ, ਅਲਫ ਖਾਂ ਦੇ ਜੁੱਧ ਵਿਚ ਗੁਰੂ ਜੀ ਨੂੰ ਆਪਣੀ ਕੁਮਕ ਤੇ ਸੱਦਕੇ ਉਸ ਤੁਰਕ ਜੋਧੇ ਦੀ ਹਾਰ ਵਿਚ ਗੁਰੂ ਕੀ ਤਾਕਤ ਪਰਖ ਚੁਕੇ ਹਾਂ। ਸਾਹਮਣੇ ਹੋ ਕੇ ਲੜਨਾ ਖਤਰੇ ਵਾਲਾ ਹੈ ਤੇ ਗੁਰੂ ਕੀ ਤਾਕਤ ਨੂੰ ਵਧਦੇ ਜਾਣ ਦੇਣਾ ਠੀਕ ਨਹੀਂ; ਇਸ ਕਰਕੇ ਕੋਈ ਦਾਉ ਘਾਉ ਕਰਨਾ ਚਾਹੀਏ। ਉਹ ਦਾਉ ਘਾਉ ਇਸ ਪ੍ਰਕਾਰ ਦਾ ਸੀ ਕਿ ਆਪਣੇ ਪਿੰਡਾਂ ਦੀ ਰਖਵਾਲੀ ਲਈ ਕਿਤੇ ਕਿਤੇ ਕੁਛ ਸਿਪਾਹੀ ਛੋੜੇ ਸਨ। ਹੁਣ ਗਹਬਰ ਬਨ ਵਿਚ ਕੁਝ ਲੁਕ-ਥਾਵਾਂ ਬਣਾਈਆਂ ਕਿ ਜਿੱਥੇ ਕੁਛ ਫੌਜ ਤੇ ਉਹਨਾਂ ਪਰ ਵੱਡੇ ਹੁੱਦੇਦਾਰ ਰਹਿਣ ਤੇ ਬਨਾਂ ਦੀ ਸੂੰਹ ਰੱਖਣ। ਜਦ ਕਦੇ ਗੁਰੂ ਜੀ ਸ਼ਿਕਾਰ ਕਰਦੇ ਕਿਸੇ ਸੱਟ ਪੈ ਸਕਣ ਦੇ ਟਿਕਾਣੇ ਹੇਠ ਆ ਜਾਣ ਤਾਂ ਅਚਾਨਕ ਪੈ ਕੇ ਕੱਟ ਵੱਢ ਕਰ ਦਿੱਤੀ ਜਾਵੇ। ਇਹ ਵਿਚਾਰਕੇ ਇਕ ਐਸਾ ਟਿਕਾਣਾ ਮਿਥ ਕੇ ਉਸ ਨੂੰ ਮਾਨੋਂ ਗੁਪਤ ਛਾਵਣੀ ਬਨਾ ਲਿਆ, ਹੋਰ ਛੋਟੇ ਛੋਟੇ ਟਿਕਾਣੇ ਵੀ ਲੁਕਵੇਂ ਬਣਾਏ ਤੇ ਘਾਤ ਵਿਚ ਰਹਿਣ ਲਗੇ।

ਇਹ ਅਸੀਂ ਪਿੱਛੇ ਦੱਸ ਆਏ ਹਾਂ ਕਿ ਅਜਮੇਰ ਚੰਦ ਨੇ ਪੰਮੇ ਨੂੰ ਭੇਜਕੇ ਇਹ ਸੁਲਹ ਸਾਲਸੀ ਦੀ ਗੱਲ ਛੇੜੀ ਸੀ ਕਿ ਗੁਰੂ ਜੀ ਸਿੱਖਾਂ ਨੂੰ ਵਰਜ ਦੇਣ ਕਿ ਸਾਡੇ ਪਿੰਡਾਂ ਵਿਚੋਂ ਦਾਣਾ ਘਾਹ ਅੰਨ ਲਈ ਸਖ਼ਤੀ ਨਾ ਕਰਿਆ ਕਰਨ। ਇਹ ਮਾਨੋਂ ਇਕ ਦਿਖਾਵਾ ਸੀ ਪੜਦਾ ਪਾਉਣ ਦਾ।

ਇਕ ਦਿਨ ਸ੍ਰੀ ਗੁਰੂ ਜੀ ਸਭਾ ਲਾਈ ਬੈਠੇ ਸਨ। ਆਨਿ ਖਾਲਸੇ ਦਰਸ਼ਨ ਕੀਨਾ। ਕਰ ਬੰਦਨ ਢਿਗ ਬੈਠਿ ਪ੍ਰਬੀਨਾ। ਗਰਜ ਗਰਜ ਕਰ ਫਤੇ ਬੁਲਾਵੈਂ। ਸ਼ਸਤ੍ਰਨਿ ਸਹਤ ਬੈਸਿ ਦੁਤਿਪਾਵੈਂ। (ਸੂ ਪ੍ਰ:)

ਇਸ ਵੇਲੇ ਰਾਜਿਆਂ ਦੇ ਪ੍ਰਸੰਗ ਚੱਲ ਪਏ। ਕਿਸੇ ਨੇ ਦੱਸਿਆ ਕਿ ਪਾਤਸ਼ਾਹ ਹੁਣ ਉਹਨਾਂ ਘਾਤ ਲਾਈ ਹੈ, ਗਹਿਬਰ ਬਨਾਂ ਵਿਚ ਛੁਪ ਬੈਠੇ ਹਨ। ਕਈ 'ਲੁਕ ਥਾਉਂ' ਬਣਾਏ ਨੇ। ਆਪੋ ਵਿਚ ਬੈਠਦੇ ਹਨ ਤਾਂ ਬੜੇ ਗਰਬ ਨਾਲ ਡੀਂਗਾ ਮਾਰਦੇ ਹਨ ਕਿ ਜੇ ਕਿਤੇ ਕਿਸੇ ਬਨ ਵਿਚ ਗੁਰੂ ਜੀ ਹੱਥ ਚੜ੍ਹ ਗਏ ਤਾਂ ਪਤਾ ਦਿਆਂਗੇ ਕਿ ਸਾਡੇ ਵਿਚ ਕਿੰਨੀ ਕੁ ਤਾਕਤ

ਹੈ। ਇਕ ਸਿੱਖ ਨੇ ਕਿਹਾ ਕਿ ਪਾਤਸ਼ਾਹ ਸੰਭਲਕੇ ਸ਼ਿਕਾਰ ਜਾਣਾ ਚਾਹੀਏ। ਇਤਜਾਦਿਕ ਬਾਤਾਂ ਹੁੰਦੀਆਂ ਰਹੀਆਂ, ਆਪ ਚੁਪ ਕਰਕੇ ਸੁਣਦੇ ਰਹੇ। ਅਗਲੇ ਦਿਨ ਆਪ ਨੇ ਫੁਰਮਾਇਆ: "ਬਹੁਤ ਦਿਨ ਹੋ ਗਏ ਹਨ ਸ਼ਿਕਾਰ ਨਹੀਂ ਚੜ੍ਹੇ, ਸੰਗਤਾਂ ਦੀਆਂ ਵਹੀਰਾਂ ਆ ਰਹੀਆਂ ਹਨ ਤੇ ਇਧਰ ਇਨ੍ਹਾਂ ਇਲਾਹੀ ਕੰਮਾਂ ਵਿਚ ਸਮਾਂ ਸਫਲਿਆ ਹੈ। ਕੱਲ ਚਲੋ ਸ਼ੇਰ ਦੇ ਸ਼ਿਕਾਰ ਕਿਸੇ ਗਹਿਬਰ ਬਨ ਵਿਚ ਚੱਲੀਏ।"

ਦੂਜੇ ਦਿਨ ਸਵੇਰੇ ਰਣਜੀਤ ਨਗਾਰਾ {ਖਾ. ਤ੍ਵਾ. ਵਿਚ ਲਿਖਿਆ ਹੈ ਕਿ 1757 ਬਿ. ਦੇ ਹੋਲੇ ਮਹੱਲੇ ਦੇ ਮਗਰੋਂ ਇਹ ਵਾਰਤਾ ਹੋਈ ਸੀ} ਵੱਜ ਪਿਆ, ਖਾਲਸਾ ਤਿਆਰ ਬਰ ਤਿਆਰ ਹੋ ਗਿਆ। ਗੁਰੂ ਸਾਹਿਬ ਆਪ ਬੀ ਕਮਰਕੱਸਾ ਕਰਕੇ ਬਲੀ ਘੋੜੇ ਤੇ ਚੜ੍ਹ ਕੇ ਆ ਗਏ। ਨਾਲ ਦਲ ਲੈ ਲਿਆ ਤੇ ਓਸੇ ਰਾਹ ਟੁਰ ਪਏ, ਜਿਸ ਰਾਹੇ ਕਿ ਗਹਿਬਰ ਬਨਾਂ ਵਿਚ ਜਾ ਪਹੁੰਚਣ। ਨਗਾਰੇ ਵੱਜਦੇ ਤੇ ਸ਼ਲਕਾਂ ਹੁੰਦੀਆਂ, ਸ਼ਿਕਾਰ ਮਾਰਦੇ ਇਕ ਉੱਚੇ ਟਿੱਲੇ ਤੇ ਜਾ ਪਹੁੰਚੇ, ਚਾਰ ਚੁਫੇਰੇ ਪਹਾੜਾਂ ਦੇ ਬਨ ਵੇਖੇ। ਇਥੇ ਸਤਿਗੁਰੂ ਜੀ ਨੇ ਖੜੇ ਹੋ ਕੇ ਇਕ ਤੀਰ ਸੇਧਿਆ। ਕਵੀ ਸੰਤੋਖ ਸਿੰਘ ਜੀ ਇਸਦੀ ਉਪਮਾ ਲਿਖਦੇ ਹਨ-

ਗਰਜਿਓ ਗਗਨ ਭਈ ਧੁਨਿ ਭਾਰੀ। ਇਮ ਸਭ ਸਥਲ ਅਵਾਜ਼ ਉਚਾਰੀ: 'ਰਾਖ ਲੇਹੁ ਗੁਰ ਜੀ! ਰਖ ਲੇਹੂ। ਤੁਮ ਸਮਾਨਤਾ ਬਨਹਿ ਨ ਕੇਹੂ। ਤਜਹੁ ਛੋਭ ਉਰ ਕਰੁਨਾ ਕੀਜੈ। ਅਪਨੇ ਜਾਨਹੁ ਰਾਖ ਲਈਜੈ'।

ਫਿਰ ਗੁਰੂ ਜੀ ਨੀਲੇ ਘੋੜੇ ਚੜ੍ਹੇ ਹੋਏ ਟਿੱਲੇ ਤੋਂ ਹੇਠਾਂ ਉਤਰੇ ਤੇ ਇਧਰ ਉਧਰ ਸ਼ਿਕਾਰਾਂ ਮਗਰ ਲੱਗੇ। ਇਸ ਤਰ੍ਹਾਂ ਖੇਡਦੇ ਮੱਲ੍ਹਦੇ ਘੋੜੇ ਸ਼ਿਕਾਰਾਂ ਮਗਰ ਸੁੱਟਦੇ ਬਹੁਤ ਦੂਰ ਨਿਕਲ ਗਏ। ਇਥੋਂ ਤਾਂਈਂ ਚਲੇ ਗਏ ਕਿ ਰਾਜਿਆਂ ਦੇ 'ਲੁਕ ਥਾਂ' ਦੀ ਮਾਰ ਹੇਠ ਜਾ ਪਹੁੰਚੇ।

ਰਾਜਿਆਂ ਦਾ ਬਣਾਇਆ ਲੁਕਵਾਂ ਵੱਡਾ ਡੇਰਾ ਹੁਣ ਨੇੜੇ ਹੀ ਸੀ। ਓਥੇ ਦੋ ਸਰਦਾਰ ਬਲੀਆ ਚੰਦ ਤੇ ਆਲਮ ਚੰਦ ਫੌਜ ਸਮੇਤ ਟਿਕੇ ਰਹਿੰਦੇ ਸਨ। ਇਹ ਸਹੀ ਕਰਕੇ ਕਿ ਗੁਰੂ ਜੀ ਅੱਜ ਸ਼ਿਕਾਰ ਚੜ੍ਹੇ ਹਨ ਤੇ ਇਸ ਪਾਸੇ ਆ ਨਿਕਲੇ ਹਨ ਓਹ ਤਿਆਰ ਹੋ ਰਹੇ ਸਨ ਤੇ ਹੁਣ ਇਹ ਸੋ ਪਾ ਕੇ ਕਿ ਅੱਗੇ ਵਧ ਆਏ ਹਨ ਤੇ ਸਾਡੀ ਜ਼ੱਦ ਹੇਠਾਂ ਪਹੁੰਚ ਪਏ ਹਨ, ਓਹ ਬੜੇ ਹੀ ਖੁਸ਼ ਹੋਏ। ਹੁਕਮ ਹੋ ਗਿਆ ਅਸਵਾਰਾਂ ਨੂੰ: ਸਵਾਰ ਹੋ

ਜਾਓ; ਤੋੜੇ ਸੁਲਗਾ ਲਓ, ਰਾਖੀ ਦੇ ਪਿਆਦਿਆਂ ਨੂੰ ਭੀ ਕਿ ਤਿਆਰ ਹੋ ਜਾਓ। ਹੁਕਮ ਹੁੰਦੇ ਸਾਰ ਤਿਆਰੇ ਹੋ ਗਏ ਤੇ ਜਿਧਰੋਂ ਸਿੱਖਾਂ ਦੀ ਬਿੜਕ ਆ ਰਹੀ ਸੀ, ਉਧਰ ਨੂੰ ਟੁਰ ਪਏ। ਤਾਹੀਓਂ ਪਤਾ ਲਗਾ ਕਿ ਖਾਲਸਾ ਜੀ ਨੂੰ ਆਪਣੇ ਬਹੁਤ ਨੇੜਿਓਂ ਗੋਲੀ ਦੀ ਆਵਾਜ਼ ਆਈ ਤੇ ਪਲਕੁ ਮਗਰੋਂ ਸਵਾਰਾਂ ਦੇ ਸਿਰ ਦਿੱਸਣ ਲਗੇ ਤੇ ਸ਼ਲਕਾਂ ਹੋਣ ਲੱਗੀਆਂ। ਇਧਰ ਸਿੰਘ ਥੋੜੇ ਸਨ ਓਧਰ ਫੌਜ ਬਹੁਤ ਸੀ। ਜੋ ਸਿੰਘ ਨਾਲ ਸਨ ਸਨ ਤਾਂ ਬਲਕਾਰੀ, ਪਰ ਕੁਛ ਕਿਸੇ ਵੇਲੇ ਕਿਸੇ ਗਰਬ ਦੀ ਗੱਲ ਕੀਤੀ ਸਾਨੇ ਕਿ ਖਾਲਸਾ ਹੁਣ ਬਲੀ ਹੋ ਗਿਆ ਹੈ, ਗੁਰੂ ਜੀ ਛੁਟੀ ਦੇ ਦੇਣ ਤਾਂ ਦਿੱਲੀ ਮਾਰ ਲਈਏ। ਆ ਬਣੇ ਤਾਂ ਖਾਲਸਾ ਇਕੱਲਾ ਹੀ ਦੁਸ਼ਮਨ ਨੂੰ ਦਲ ਆਵੇ। ਸੋ ਹੁਣ ਸਮਾਂ ਦੇਖਕੇ ਜਦ ਜੁੱਧ ਮਚ ਪਿਆ ਤਾਂ ਸ੍ਰੀ ਗੁਰੂ ਜੀ ਪੂਰਬ ਰੁਖ਼ ਨੂੰ ਹੋ ਕੇ ਖਾਲਸੇ ਤੋਂ ਜ਼ਰਾ ਓਹਲੇ ਪਰ ਉਚੇਰੇ ਥਾਂ ਜਾ ਖੜੇ ਹੋਏ ਤੇ ਜੰਗ ਦਾ ਰੰਗ ਤੱਕਣ ਲੱਗੇ। ਜੁੱਧ ਖ਼ੂਬ ਛਿੜਿਆ ਤੇ ਖਾਲਸਾ ਖ਼ੂਬ ਲੜਿਆ, ਪਰ ਥੋੜੇ ਬਹੁਤਿਆਂ ਦੇ ਸਾਹਮਣੇ ਸਾਰੇ ਦਾਵਾਂ ਘਾਵਾਂ ਨੂੰ ਨਹੀਂ ਸਨ ਬਚਾ ਸਕਦੇ। ਲੜੇ, ਡਾਢੇ ਲੜੇ, ਵਧ ਵਧਕੇ ਲੜੇ ਪਰ ਬਹੁਤ ਜ਼ੋਰ ਪੈਣ ਤੇ ਪੈਰ ਪਿੱਛੇ ਨੂੰ ਹਟੇ। ਹੁਣ ਸ਼ਿਕਾਰ ਵਿਚ ਇਧਰ ਉਧਰ ਗਏ ਦਸਤੇ ਵੀ ਗੋਲੀ ਦੀ ਸ਼ੂੰਕਾਰ ਸੁਣਕੇ ਆ ਪਹੁੰਚੇ। ਘੋਰ ਸੰਗ੍ਰਾਮ ਮਚ ਗਿਆ। ਪਰ ਸਿੱਖਾਂ ਦੇ ਮਨ ਵਿਚਲੇ ਗਏ ਤੇ ਪੈਰ ਉਖੜ ਗਏ, ਉਸ ਵੇਲੇ ਕਿ ਜਦ ਡਿੱਠੋ ਨੇ ਕਿ ਸ੍ਰੀ ਕਲਗੀਧਰ ਜੀ ਵਿਚ ਨਹੀਂ ਹਨ। ਵਿਚਾਰਨ ਲੱਗੇ:-

**ਹਮਕੋ ਛੋਰਿ ਗਏ ਕਰਿ ਭਾਣਾ।**
**ਕੋ ਜਾਣਹਿ ਮਨ ਮਹਿੰ ਕਜਾ ਆਣਾ॥**
(ਸੂ: ਪ੍ਰ:)

ਐਉਂ ਘਬਰਾਕੇ ਪੈਰ ਪਿੱਛੇ ਸੁੱਟਿਆ, ਤਾਂ ਪਹਾੜੀਏ ਜ਼ੋਰ ਪਾ ਕੇ ਮਗਰ ਆਏ। ਚਾਹੇ ਫਿਰ ਫਿਰ ਕੇ ਪਹਾੜੀਆਂ ਨਾਲ ਸੁਹਣਾ ਮੁਕਾਬਲਾ ਕਰਦੇ ਰਹੇ ਪਰ ਪੈਰ ਨ ਰੁਕਦੇ। ਪੈਂਤੜਾ ਪਿੱਛੇ ਸੱਟੀ ਜਾਣਾ ਤੇ ਸਫ ਨਾ ਉਖੜਨ ਦੇਣੀ ਤੇ ਲੜਦੇ ਚੱਲਣਾ ਇਉਂ ਜਿਵੇਂ ਵਧਕੇ ਲੜ ਰਹੇ ਹਨ। ਇਹ ਗੁਣ ਜਾਪਦਾ ਹੈ ਖ਼ਾਲਸੇ ਨੇ ਮੁੱਢ ਤੋਂ ਸਿੱਖਣਾ ਸ਼ੁਰੂ ਕੀਤਾ ਹੋਯਾ ਸੀ। ਕਿੰਤੂ ਅੱਜ ਚਾਹੇ ਹੁਣ ਸਾਰਾ ਜ਼ੋਰ ਸਿੱਖਾਂ ਨੇ ਲਾ ਲਿਆ ਪਰ ਪੇਸ਼ ਨਾ ਗਈ

ਤੇ ਕੋਈ ਆਸ ਬਚਣੇ ਦੀ ਨਾ ਰਹੀ। ਤਦੋਂ ਨੂੰ ਹੋਸ਼ ਆਈ ਕਿ ਬਲਾਂ ਦੇ ਦਾਤੇ ਸ੍ਰੀ ਕਲਗੀਧਰ ਜੀ ਤੋਂ ਬਿਨਾਂ ਅਸੀਂ ਕੁਛ ਨਾ ਸਾਰ ਸਕੇ, ਸਾਰਾ ਬਲ ਪਾਇਆ ਪਰ ਫਤੇ ਨਾ ਆਈ। ਓਹ ਵਾਹਿਗੁਰੂ ਜੀ ਦੇ ਹਨ, ਫਤੇ ਉਨ੍ਹਾਂ ਦੇ ਹੱਥ ਹੈ। ਸਾਡੇ ਵਿਚ ਸਤਿਗੁਰ ਨੇ ਆਪਣੇ ਆਪ ਤੇ ਭਰੋਸਾ ਭਰ ਦਿੱਤਾ ਹੈ। ਅਸੀਂ ਸ੍ਵੈ ਟੇਕ ਵਾਲੇ ਬੰਦੇ ਬਣਾਏ ਗਏ ਹਾਂ, ਪਰ ਏਹੋ ਸ੍ਵੈ ਟੇਕ ਕਿਸੇ ਵੇਲੇ ਵਧਕੇ ਹੰਕਾਰ ਬਣ ਜਾਂਦੀ ਹੈ। ਸਤਿਗੁਰ ਨੂੰ ਚੜ੍ਹਦੀਆਂ ਕਲਾਂ ਤਾਂ ਪਜਾਰੀਆਂ ਹਨ ਪਰ ਹੰਕਾਰ ਨਹੀਂ ਭਾਉਂਦਾ {ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥ (ਮਾਰੂ ਵਾਰ ਮਹਲਾ 3)}; ਖਬਰੇ ਇਸੇ ਕਰਕੇ ਲੋਪ ਹੋ ਰਹੇ ਹਨ। ਇਹ ਕੁਛ ਵੀਚਾਰਾਂ ਕਰਦੇ ਕੁਝ ਸਿੰਘ ਘੋੜੇ ਦੁੜਾਕੇ ਪੂਰਬਲੀ ਦਿਸ਼ਾ ਨੂੰ ਦੌੜ ਕੇ ਸੱਚੇ ਪਾਤਸ਼ਾਹ ਨੂੰ ਲੱਭਿਆ। ਆਪ ਪੂਰਬ ਦਿਸ਼ਾ ਵਲ ਨੂੰ ਇਕ ਡਾਢੇ ਸੁਹਣੇ ਉਚੇ ਨਜ਼ਾਰੇ ਵਾਲੇ ਥਾਂ ਘੋੜੇ ਤੇ ਖੜੇ ਸਨ ਤੇ ਜੰਗ ਦਾ ਰੰਗ ਤੱਕ ਰਹੇ ਸਨ ਕਿ ਸਿੰਘ ਅੱਪੜ ਪਏ ਤੇ ਬਿਰਦ ਦਾ ਵਾਸਤਾ ਪਾ ਕੇ ਪੁਕਾਰੇ: "ਸਚੇ ਪਾਤਸ਼ਾਹ ਜੀ ਰੱਖ ਲਓ, ਤੇਰੇ ਹਾਂ ਤੇਰੇ, ਮਾੜੇ ਚੰਗੇ ਤੇਰੇ ਹਾਂ। ਸਾਡੇ ਅਵਗੁਣ ਨਾ ਤੱਕੋ, ਆਪਣੇ ਬਿਰਦ ਵਲ ਤੱਕੋ। ਹੇ ਦਾਤਾ! ਬਿਰਦ ਬਾਣੇ ਦੀ ਲਾਜ ਰੱਖੋ। ਆਪਦੇ ਖ਼ਾਲਸੇ ਨੂੰ ਆਪ ਬਚਾਓ। ਆਪ ਦਾ ਬਿਰਦ ਹੈ ਖ਼ਾਲਸੇ ਦੀ ਹਰ ਬਾਬ ਰੱਖਜਾ ਕਰਨੀ, ਸਭ ਥਾਂਈਂ ਸਹਾਈ ਹੋਣਾ, ਪਾਤਸ਼ਾਹ ਇਸ ਵੇਲੇ ਬਹੁੜੀ ਕਰੋ ਤੇ ਖ਼ਾਲਸੇ ਦੀ ਹਾਰ ਨਾ ਹੋਵੇ।" ਇਹ ਪੁਕਾਰ ਸੁਣ ਕੇ ਗੁਰੂ ਜੀ ਤੱਕੇ, ਮੁਸਕ੍ਰਾਏ ਤੇ ਭੱਥੇ ਵਿਚੋਂ ਤੀਰ ਲਿਆ, ਬੀਰਾਸਨ ਹੋ ਗਏ ਤੇ ਸਿੰਘਾਂ ਵੱਲ ਤੱਕ ਕੇ ਬੋਲੇ:-

**ਸਿਦਕ ਪੁਕਾਰੇ ਖਾਲਸਾ ਗੁਰ ਕੀ ਬਾਣੀ ਪਾਠ**
**ਆਪ ਸਿੰਘ ਆਪੇ ਬਿਪਨ ਬਿਰਦ ਬਿਹਾਰੀ ਰਾਠ**
(ਸੂ: ਪ੍ਰ: ਸੌ: ਸਾ:)

{ਇਸ ਦਾ ਅਰਥ ਸਾਫ਼ ਹੈ:- 'ਤੁਸੀਂ ਆਖਦੇ ਸਾਓ ਕਿ ਬਨ ਅਸੀਂ ਹਾਂ ਆਪ, ਬਨਾਂ ਦੇ ਸ਼ੇਰ ਅਸੀਂ ਹਾਂ ਆਪੇ, ਬਾਂਣੀ ਦਾ ਪਾਠ ਕਰਦੇ ਹੋਏ ਸਿਦਕ ਸਿਦਕ ਕੂਕਦੇ ਸਾਓ, ਭਾਵ ਅਭਿਮਾਨ ਵਿਚ ਸਾਓ ਤੇ ਆਖਦੇ ਸਾਓ ਅਸੀਂ ਰਾਠ ਹੋ ਗਏ ਹਾਂ, ਹੁਣ ਬਿਹਾਰੀ ਪਾਵ ਨੂੰ ਬਿਰਦ ਦਾ ਵਾਸਤਾ

ਕਿਉਂ ਪਾਉਂਦੇ ਹੋ?' ਇਹ ਵਾਕ ਖਾਲਸੇ ਨੂੰ ਹਉਂ ਤੋਂ ਖਾਲੀ ਪਰ ਸਿਦਕ ਵਿਚ ਪਰਪੱਕ ਕਰਨ ਲਈ ਆਖੇ ਜਾਪਦੇ ਹਨ}

ਜਿਸ ਟਿਕਾਣੇ ਗੁਰੂ ਜੀ ਖੜੇ ਸੇ, ਸੋ ਬੜੇ ਲਾਭ ਦਾ ਟਿਕਾਣਾ ਸੀ। ਜੰਗ ਭੂਮੀ ਤੇ ਸਾਰੀ ਨਿਗਾਹ ਪੈਂਦੀ ਸੀ ਤੇ ਉਚੇਰਾ ਥਾਂ ਸੀ। ਇਥੋਂ ਹੁਣ ਸਤਿਗੁਰੂ ਜੀ ਨੇ ਬੀਰਾਸਨ ਹੋ ਕੇ ਤੀਰ ਚਲਾਇਆ ਜੋ ਸ਼ੂਕਦਾ ਗਿਆ ਤੇ ਵਧੇ ਆ ਰਹੇ ਦੁਸ਼ਮਨ ਵਿਚ ਵੱਜਾ। ਐਉਂ ਪੰਜ ਤੀਰ ਵਾਰੋ ਵਾਰੀ ਚਲਾਏ ਜੋ ਐਨ ਟਿਕਾਣੇ ਪਹੁੰਚਕੇ, ਜਾਪਦਾ ਹੈ ਕਿ ਵੈਰੀ ਦੇ ਜ਼ਰੂਰੀ ਬੰਦਿਆਂ ਨੂੰ ਲੱਗੇ ਕਿ ਉਨ੍ਹਾਂ ਪਰ ਅਚਾਨਕ ਮਾਰ ਪੈਣ ਨਾਲ ਤੇ ਜ਼ਰੂਰੀ ਆਦਮੀਆਂ ਦੇ ਡਿੱਗਣ ਨਾਲ ਵਧਣ ਦਾ ਚਾਉ ਥੰਮ੍ਹ ਗਿਆ ਤੇ ਝਿਜਕ ਕੇ ਖੜੋ ਗਏ। ਇਸ ਵੇਲੇ ਲਿਖਿਆ ਹੈ ਕਿ ਐਉਂ ਜਾਪੇ ਜਿਵੇਂ ਅਕਾਸ਼ ਵਿਚ ਦਲਾਂ ਦੇ ਦਲ ਛਾ ਗਏ ਹਨ। ਖ਼ਾਲਸੇ ਨੂੰ ਗੁਰੂ ਜੀ ਨੇ ਦਿਖਾਇਆ ਤੇ ਆਗਜਾ ਕੀਤੀ ਕਿ ਜਾਓ ਲੜੋ, ਅਸੀਂ ਐਥੋਂ ਮੈਦਾਨ ਸੰਭਾਲਾਂਗੇ। ਇਹ ਰੰਗ ਵੇਖ ਕੇ ਤੇ ਗੁਰੂ ਜੀ ਦੇ ਪੰਜਾਂ ਤੀਰਾਂ ਦੀ ਬਰਕਤ ਨਾਲ ਦੁਸ਼ਮਨ ਦੇ ਪੈਰ ਅਟਕਦੇ ਤੱਕ ਕੇ ਖ਼ਾਲਸਾ ਨਵੀਂ ਜਾਨ ਫੜ ਕੇ ਮੁੜਿਆ ਤੇ ਜਾ ਜੁੱਧ ਵਿਚ ਧਸਿਆ। ਬਾਕੀ ਸਾਰੇ ਵੀਰਾਂ ਨੂੰ ਪੁਕਾਰਕੇ ਦੱਸ ਦਿੱਤਾ ਕਿ ਗੁਰੂ ਜੀ ਰਿੜੀਏ ਖੜੇ ਤੀਰ ਚਲਾ ਰਹੇ ਹਨ, ਦੇਖੋ ਦੁਸ਼ਮਨ ਰੁਕ ਗਿਆ ਹੈ। ਔਹ ਤੱਕੋ ਕਿੰਨੇ ਪਹਾੜੀਏ ਤੀਰ ਪਰੋਤੇ ਡਿੱਗੇ ਹਨ, ਅਸਮਾਨਾਂ ਵਲ ਵੇਖੋ ਕਿ ਅਗੰਮੀ ਫੌਜਾਂ ਦੇ ਕਿਵੇਂ ਝਾਂਵਲੇ ਪੈ ਰਹੇ ਹਨ। ਨੱਠੇ ਜਾਂਦੇ ਤੇ ਮਾਰ ਦੀ ਜ਼ਦ ਹੇਠਾਂ ਮਾਰ ਖਾ ਰਹੇ ਖ਼ਾਲਸੇ ਵਿਚ ਨਵੀਂ ਜਾਨ ਆ ਗਈ, ਸਾਰੇ ਰੁਕ ਗਏ ਤਾਂ ਪੈਰ ਜਮਾ ਕੇ ਅੜ ਖੜੋਤੇ। ਹੁਣ ਜੁੱਧ ਹੋਰ ਸ਼ਕਲ ਪਕੜ ਗਿਆ।

ਸਿਖਾਂ ਪਰ ਵਧੇ ਆਉਣਾ ਪਹਾੜੀਆਂ ਦਾ ਠੱਸਾ ਖਾ ਗਿਆ ਤੇ ਉਹਨਾਂ ਨੂੰ ਆਪਣੇ ਵਿਚੋਂ ਡਿੱਗਦੇ ਆਦਮੀ ਵੇਖਕੇ ਘਬਰਾ ਹੋਣ ਲੱਗਾ ਕਿ ਇਹ ਤੀਰ ਨਿਸ਼ਾਨਿਉਂ ਨਾ ਉੱਕਣ ਵਾਲੇ ਕਿੱਥੋਂ ਪੈ ਰਹੇ ਹਨ। ਸੋ ਬਚਾਉ ਦੀ ਵਿਚਾਰ ਕਰਕੇ ਓਹ ਰੁਕੇ। ਖ਼ਾਲਸੇ ਨੇ ਹੁਣ ਤੁਮਲ ਜੁੱਧ ਮਚਾ ਦਿੱਤਾ।

**ਤੁਮਲ ਜੁੱਧ ਤਬ ਹੋਵਨ ਲਾਗਾ।**
**ਮਨਹੁ ਰੁੱਦ੍ਰ ਰਸ ਸੋਵਤਿ ਜਾਗਾ॥੧੩॥**
**ਭਿੜੇ ਭੇੜ ਭਟ ਮੁੜ ਮੁੜ ਲੜੇ।**
**ਜੇ ਭਾਜਤਿ ਧਰਿ ਧੀਰਜ ਖੜੇ।**

**ਹਤੀ ਸ਼ਲਖ ਗੁਲਕਨਿ ਕੀ ਐਸੇ।**
**ਹਟਜੋ ਜਲਦ ਮੁਚਿ ਬਰਖਾ ਜੈਸੇ॥੧੪॥**
(ਸੂ: ਪ੍ਰ: ਪੰਨਾ ੫੨੦੮)

ਦੁਵੱਲੀ ਸੰਗ੍ਰਾਮ ਖੂਬ ਜ਼ੋਰ ਦਾ ਹੋਇਆ। ਦੁਵੱਲੀ ਸ਼ਸਤ੍ਰ ਚਲ ਰਹੇ ਹਨ, ਲਹੂ ਵਹਿ ਰਹੇ ਹਨ, ਬਸਤ੍ਰ ਭਿੱਜ ਰਹੇ ਹਨ, ਕ੍ਰੋਧ ਵਧ ਰਹੇ ਹਨ। ਜਿਥੇ ਗੁਰੂ ਜੀ ਖੜੇ ਸਨ ਕਰੌਂਦੇ ਦਾ ਬੂਟਾ ਸੀ। ਆਪ ਓਥੇ ਖੜੇ ਹਨ। 'ਸਭ ਥਾਈਂ ਹੋਹਿ ਸਹਾਇ' ਹੋਣ ਵਾਲੇ ਸਹਾਈ ਹੋ ਰਹੇ ਹਨ। ਆਪ ਦੇ ਅਚੂਕ ਤੀਰ ਆ ਰਹੇ ਹਨ। ਸਤਿਗੁਰ ਦੇ ਤੀਰ ਨਿਸ਼ਾਨੇ ਬੰਨ੍ਹ ਬੰਨ੍ਹਕੇ ਪੈਂਦੇ ਤੇ ਵੈਰੀ ਦਲ ਵਿਚ ਓਹ ਪਤੇ ਦੇ ਨਿਸ਼ਾਨੇ ਫੁੰਡਦੇ ਹਨ ਕਿ ਉਹਨਾਂ ਦੇ ਸਾਹਸ ਨੂੰ ਤੋੜਦੇ ਹਨ, ਹੈਰਾਨੀ ਤੇ ਘਬਰਾ ਪਾਉਂਦੇ ਹਨ। ਖ਼ਾਲਸਾ ਜੀ ਆਪਣੇ ਸਦਾ ਦੇ ਸਹਾਈ ਮਾਲਕ ਦੇ ਕਰਤੱਵ ਨੂੰ ਵੇਖਦੇ ਹਨ ਤੇ ਪ੍ਰਤੀਤ ਕਰ ਰਹੇ ਹਨ ਕਿ ਅਸੀਂ ਥੋੜੇ ਸਾਂ, ਗੁਰੂ ਕਾ ਉੱਚਾ ਹੱਥ ਦੁਸ਼ਮਨ ਤੇ ਕਹਿਰ ਕਰ ਰਿਹਾ ਹੈ, ਗ਼ੈਬੀ ਫੌਜਾਂ ਸਾਡੀ ਮਦਦ ਕਰ ਰਹੀਆਂ ਹਨ, ਲਿਖਯਾ ਹੈ:-

**ਪਰੀ ਅਕਾਸ਼ੀ ਫੌਜਾਂ ਆਇ।**
**ਜਿਤ ਕਿਤ ਦੇਖਿ ਰਹੇ ਬਿਸਮਾਇ॥੧੮॥**
(ਸੂ: ਪ੍ਰਕਾਸ਼ ਪੰਨਾ ੫੨੦੯)

ਸੋ ਵਧੇ ਹੌਸਲੇ ਵਿਚ, ਵਧੇ ਸ੍ਵੈ ਭਰੋਸੇ ਵਿਚ ਖਾਲਸਾ ਡਾਢਾ ਅੜਕੇ ਲੜਿਆ।

**ਪਰ੍ਹਾ ਬੰਧ ਜਨੁ ਘਨ ਘਟ ਆਈ।**
**ਗਨਗੁਲਕਾ ਬਰਖਾ ਬਰਖਾਈ।**
**ਤੁਪਕਨਿ ਕੜਕ ਗਾਜ ਜਨੁ ਪਰੈਂ।**
**ਛਟਾ ਪਲੀਤੇ ਧੁਖਧੁਖ ਟਰੈਂ॥੧੯॥**
**ਦੁੰਦਭਿ ਢੋਲਨਿ ਸ਼ਬਦ ਮਹਾਨਾ।**
**ਜਨੁ ਬਰਖਤਿ ਘਨ ਧੁਨਿ ਗਰਜਾਨਾ।**
**ਕ੍ਰਿਖਿ ਪਾਕੀ ਸਮ ਪਰਮ ਪਹਾਰੀ॥**
**ਤੋਰ ਫੋਰ ਚੂਰਨ ਕਰਿਡਾਰੀ॥੨੦॥**

 www.sikhbookclub.com

**ਹੇਲਾ ਘਾਲਿ ਖਾਲਸਾ ਲਰਿਜੋ।**
**ਭਾਗਜੋ ਪ੍ਰਥਮ ਲਾਜ ਕਰਿ ਮੁਰਿਜੋ।**
**ਬਲੀਆਚੰਦ ਆਨਿ ਪਗ ਰੋਪਜੋ।**
**ਪਿਖ ਸਿਪਾਹ ਭਾਜੀ ਉਰ ਕੋਪਜੋ॥੨੧॥**
(ਸੂ: ਪ੍ਰ: ਪੰਨਾ ੫੨੦੯)

ਇਹ ਹਾਲ ਵੇਖ ਕੇ ਬਲੀਆ ਚੰਦ ਨੂੰ ਬੜੀ ਸ਼ਰਮ ਆਈ ਕਿ ਇਤਨੇ ਥੋੜਿਆਂ ਨਾਲ ਲੜਕੇ ਉਨ੍ਹਾਂ ਨੂੰ ਮੈਦਾਨੋਂ ਨਸਾਕੇ ਕਟਾ ਵੱਢ ਕਰਦਿਆਂ ਇਹ ਪੈਂਤੜਾ ਖਾਲਸੇ ਨੇ ਕੈਸਾ ਬਦਲਿਆ ਹੈ ਕਿ ਸਾਨੂੰ ਲੈਣੇ ਦੇ ਦੇਣੇ ਪੈ ਗਏ ਹਨ। ਕ੍ਰੋਧ ਖਾ ਕੇ ਨਜ਼ਰ ਪਾ ਕੇ ਤੱਕਿਓਸੁ ਤਾਂ ਆਪਣੀ ਸੈਨਾ ਕਿਤੇ ਵਧੀਕ ਖ਼ਾਲਸੇ ਤੋਂ ਪਈ ਦਿੱਸੇ ਤਾਂ ਹੁਣ ਆਪ ਅਗੇ ਵਧਿਆ ਕਿ ਫੌਜ ਦਾ ਹੌਸਲਾ ਵਧਾ ਕੇ ਟੁੱਟ ਪਵੇ ਤੇ ਖ਼ਾਲਸੇ ਦੇ ਪੈਰ ਉਖੇੜ ਦੇਵੇ। ਉਸ ਨੂੰ ਇਕ ਹੜ ਵਾਂਗ ਵਧਿਆ ਆਉਂਦਾ ਦੇਖ ਕੇ ਉਦੈ ਸਿੰਘ ਸ਼ੇਰ ਵਾਂਙੂ ਗਰਜਕੇ ਅੱਗੇ ਵਧਿਆ ਤੇ ਸਿੰਘ ਉਸ ਦੇ ਨਾਲ ਗੱਜ ਵੱਜ ਕੇ ਵਧੇ। ਦੂਜੇ ਪਾਸੇ ਆਲਮ ਚੰਦ ਡਿੱਠਾ ਕਿ ਸਾਥੀ ਸੂਰਮਾ ਵਧਕੇ ਪਿਆ ਹੈ, ਉਹ ਬੀ ਕ੍ਰੋਧ ਭਰਕੇ ਤੇ ਸੈਨਾ ਨੂੰ ਲਲਕਾਰ ਕੇ ਦੂਏ ਪਾਸੇ ਤੇ ਆ ਪਿਆ ਕਿ ਬਲੀਆ ਚੰਦ ਦੇ ਹੱਲੇ ਨੂੰ ਦੂਜੇ ਪਾਸਿਓਂ ਦੁਮਰਦਾ ਲੱਗਕੇ ਬਿਜਲੀ ਸੱਟ ਵਾਂਙੂ ਵੈਰੀ ਦਾ ਕ਼ਲਅ ਕ਼ਮਅ ਹੋ ਜਾਵੇ। ਪਰ ਇਸ ਦੀ ਇਸ ਚੜ੍ਹਾਈ ਨੂੰ ਤੱਕ ਕੇ ਇਧਰੋਂ ਆਲਮ ਸਿੰਘ ਨੇ ਸਿੰਘਾਂ ਨੂੰ ਲਲਕਾਰਿਆ ਤੇ ਆਪ ਅੱਗੇ ਹੋ ਕੇ ਵਧਿਆ। ਵੈਰੀ ਸਿਰ ਤੇ ਆ ਪੁੱਜਾ ਸੀ ਤੇ ਹੁਣ ਹਥਾਵਥ ਤਲਵਾਰ ਦੇ ਜੁੱਧ ਦਾ ਹੀ ਸਮਾਂ ਸੀ, ਸੋ ਦੁਇ ਸੂਰਮੇ ਜੁੱਟ ਪਏ। ਐਨ ਆਮ੍ਹੋ ਸਾਹਮਣੇ ਆ ਵਜੇ ਤੇ ਦਾਉ ਘਾਉ ਤੋਂ ਪਹਿਲਾਂ ਹੀ ਆਲਮ ਚੰਦ ਦਾ ਵਾਰ ਆਲਮ ਸਿੰਘ ਤੇ ਡਾਢੇ ਜ਼ੋਰ ਦਾ ਪਿਆ, ਜੋ ਆਲਮ ਸਿੰਘ ਨੇ ਢਾਲ ਤੇ ਬੜੇ ਬਲ ਨਾਲ ਰੋਕਿਆ। ਹੁਣ ਦਾਉ ਘਾਉ ਤਲਵਾਰ ਦੇ ਲੱਗੇ ਹੋਣ। ਦੁਏ ਸੂਰਮੇ ਸਨ ਤੇ ਦੁਇ ਤਲਵਰੀਏ ਸਨ, ਦੁਹਾਂ ਦੇ ਜਤਨਾਂ ਦਾ ਫਲ ਇਹ ਹੋਇਆ ਕਿ ਆਲਮ ਸਿੰਘ ਦਾ ਵਾਰ ਕਾਰੀ ਪਿਆ। ਆਲਮ ਚੰਦ ਦਾ ਸੱਜਾ ਹੱਥ ਤਲਵਾਰ ਸਣੇ ਕੱਟ ਗਿਆ। ਉਸ ਦਾ ਕੱਟਿਆ ਹੱਥ ਤੇ ਤਲਵਾਰ ਥੱਲੇ ਆ ਪਏ, ਤਾਂ ਪਹਾੜੀਆਂ ਨੇ ਛੇਤੀ ਨਾਲ ਅੱਗੇ ਵਧਕੇ ਆਲਮ ਚੰਦ ਨੂੰ ਬਚਾਇਆ ਤੇ ਉਹ ਪਿਛਲੇ ਪੈਰੀਂ ਆਪਣੀ ਸੈਨਾਂ

ਵਿਚ ਗੁੰਮ ਹੋ ਗਿਆ। ਸਾਥੀਆਂ ਦਾ ਜੋਸ਼ ਟੁੱਟ ਗਿਆ ਤੇ ਪੈਰ ਪਿੱਛੇ ਹਟੇ। ਦੂਜੇ ਪਾਸੇ ਬਲੀਆ ਚੰਦ ਬੰਦੂਕਾਂ ਦੀ ਸ਼ਲਕ ਕਰਦਾ ਸੈਨਾ ਸਣੇ ਵਧਿਆ ਆ ਰਿਹਾ ਸੀ, ਉਸ ਦੀ ਸੈਨਾ ਦੇ ਢੋਲ ਵੱਜ ਰਹੇ ਬੀਰ ਵਿਚ ਉਤਸ਼ਾਹ ਭਰ ਰਹੇ ਸਨ ਤੇ ਸੂਰਮੇਂ ਤੀਰ ਤੁਫੰਗ ਚਲਾਉਂਦੇ ਆ ਰਹੇ ਸਨ। ਉਦੈ ਸਿੰਘ ਇਧਰੋਂ ਡਟਕੇ ਪੈਰ ਜਮਾ ਕੇ ਵਧ ਰਿਹਾ ਸੀ ਕਿ ਸਿੰਘਾਂ ਵੱਲ ਤੱਕ ਕੇ ਬੋਲਿਆ: ਬੰਦੂਕਾਂ ਦੀ ਸ਼ਲਕ ਕਰੋ। ਗੱਲ ਕੀ, ਦੁਵੱਲੀ ਐਉਂ ਤੀਰਾਂ ਤੇ ਬੰਦੂਕਾਂ ਦੇ ਵਾਰ ਚੱਲੇ ਕਿ ਮਾਨੌਂ ਗੜਿਆਂ ਦੀ ਵਰਖਾ ਹੋ ਰਹੀ ਹੈ। ਦੁਇ ਦਲ ਅਜੇ ਇੰਨੀ ਨੇੜੇ ਨਹੀਂ ਆਏ ਸਨ ਕਿ ਸ਼ਮਸ਼ੇਰ ਦਾ ਜੰਗ ਹੱਥੋ ਹੱਥੀ ਹੋ ਪਏ ਕਿ ਬਲੀਆ ਚੰਦ ਦੀ ਜੰਘ ਵਿਚ ਇਕ ਸ਼ੂਕਦੀ ਗੋਲੀ ਲਗ ਪਈ। ਗੋਲੀ ਜ਼ਰਾ ਕਰਾਰੀ ਲੱਗੀ ਤੇ ਉਹ ਬੇਤਾਬ ਹੋ ਕੇ ਪਿੱਛੇ ਮੁੜਿਆ। ਸਰਦਾਰ ਦਾ ਪਿੱਠ ਦਿਖਾਣਾ ਸੀ ਕਿ ਫੌਜ ਹਿਰਾਸੀ ਹੋ ਗਈ ਤੇ ਉਹ ਬੀ ਮਾਨੋਂ ਪੈਰ ਸਿਰ ਤੇ ਧਰ ਕੇ ਪਿੱਛੇ ਮੁੜੀ। ਇਹ ਮੁੜਨਾ ਐਸਾ ਸੀ ਕਿ ਸਾਰੀ ਪਹਾੜੀ ਸੈਨਾ ਧੀਰਜ ਛੋੜ ਕੇ ਭੱਜ ਗਈ। ਭਜਦਿਆਂ ਮਗਰ ਕੁਛ ਦੂਰ ਖ਼ਾਲਸੇ ਨੇ ਪਿੱਛਾ ਕੀਤਾ ਜੋ ਤ੍ਰਾਸੇ ਹੋਏ ਭੱਜ ਹੀ ਜਾਣ, ਕਿਤੇ ਸਾਨੂੰ ਅਟਕ ਗਏ ਸਮਝ ਕੇ ਫਿਰ ਨਾ ਸਾਡੇ ਵਾਂਙੂ ਡਟ ਖੜੋਣ। ਜਦੋਂ ਨੂੰ ਸਾਰੇ ਭੱਜ ਗਏ ਤੇ ਦੂਰ ਨਿਕਲ ਗਏ ਤਾਂ ਖ਼ਾਲਸੇ ਜੀ ਨੇ ਡਿੱਠਾ ਕਿ ਆਸਮਾਨ ਸਾਫ਼ ਹੈ, ਜੋ ਗੁਪਤ ਸੈਨਾਂ ਦਾ ਪ੍ਰਭਾਵ ਪੈਂਦਾ ਸੀ, ਹੁਣ ਹੈ ਨਹੀਂ। ਠੰਢੀ ਹਵਾ ਟੁਰ ਰਹੀ ਹੈ, ਸਾਫ਼ ਧੁੱਪ ਚਮਕ ਰਹੀ ਹੈ ਤਾਂ ਗੁਰੂ ਜੀ ਵਲ ਨੂੰ ਮੁੜੇ। ਇਸ ਜੰਗ ਦੇ ਸਾਖੀ ਭਾਈ ਰਾਮ ਕੌਰ ਜੀ ਲਿਖਦੇ ਹਨ ਤੇ ਦੱਸਦੇ ਹਨ ਕਿ ਗੁਰੂ ਜੀ ਦੀ ਹਜ਼ੂਰੀ ਵਿਚ ਮੈਂ ਤਾਂ ਜੰਗ ਦੀ ਘਨਘੋਰਤਾ ਵੇਖਕੇ ਕੰਬ ਪਿਆ ਮੈਨੂੰ ਸ਼ੋਕਾਤੁਰ ਵੇਖ ਕੇ ਗੁਰੂ ਜੀ ਨੇ ਧੀਰਜ ਦਿੱਤਾ ਤੇ ਸਮਝਾਇਆ ਕਿ ਮੈਦਾਨੇ ਜੰਗ ਵਿਚ ਮਰਿਆਂ ਨੂੰ ਵੇਖਕੇ ਸ਼ੋਕ ਨਹੀਂ ਕਰੀਦਾ। ਰਾਮ ਕੌਰ ਜੀ ਲਿਖਦੇ ਹਨ ਕਿ ਇਸ ਵੇਲੇ ਗੁਰੂ ਜੀ ਨੇ ਭਵਿੱਖਤ ਆਖੀ ਕਿ ਰਾਮ ਕੁਇਰ ਤੂੰ ਸਾਥੋਂ ਮਗਰੋਂ ਚਿਰਕਾਲ ਸੰਸਾਰ ਪਰ ਰਹੇਂਗਾ। ਫਿਰ ਖ਼ਾਲਸੇ ਨੂੰ ਧੀਰਜ ਦਿੱਤਾ ਤੇ ਕਿਹਾ: ਡਰੋ ਨਾ ਇਨ੍ਹਾਂ ਤੋਂ ਤਕੜੇ ਹੋਏ। ਇਹ ਲੋਕ ਸਾਰੇ ਇਕ ਦਿਨ ਖਾਲਸੇ ਤੋਂ ਭੈ ਖਾਣਗੇ ਤੇ ਈਨਾਂ ਮੰਨਣਗੇ। ਫਿਰ ਸਤਿਗੁਰੂ ਜੀ ਨੇ ਮਹਾਂ ਸਿੰਘ ਤੋਂ ਜੰਗ ਦਾ ਵੇਰਵਾ ਸੁਣਿਆ। ਫਿਰ ਸ਼ਹੀਦ ਹੋਏ ਸਿੰਘਾਂ ਦੇ ਸਰੀਰ ਇਕੱਠੇ ਕਰਵਾਕੇ ਸਸਕਾਰੇ। ਘਾਇਲਾਂ ਨੂੰ

ਨਾਲ ਲੈ ਚੱਲਣ ਦਾ ਪ੍ਰਬੰਧ ਕੀਤਾ ਤੇ ਸ਼ਾਮਾਂ ਵੇਲੇ ਫਤਹ ਨਗਾਰਾ ਵਜਾਉਂਦੇ ਆਨੰਦਪੁਰ ਆਏ।

ਅਸਲ ਗੱਲ ਇਉਂ ਹੈ ਕਿ ਗੁਰੂ ਜੀ ਦੇ ਨਾਲ ਫੌਜ ਥੋੜੀ ਸੀ ਤੇ ਅੱਗੋਂ, ਜਿਨ੍ਹਾਂ ਨਾਲ ਟਾਕਰਾ ਪਿਆ ਸੀ, ਉਹ ਬਹੁਤ ਹੀ ਵਧੇਰੇ ਸਨ। ਇਹ ਗੱਲ ਲਖ ਕੇ ਗੁਰੂ ਜੀ ਨੇ ਇਕ ਮਾਰ ਦਾ ਟਿਕਾਣਾ ਲੱਭ ਕੇ ਉਥੇ ਪੈਰ ਜਮਾਏ ਤੇ ਆਪਣੇ ਅਚੁਕ ਤੀਰਾਂ ਦੀ ਬਰਖਾ ਨਾਲ ਆਪਣੀ ਗਿਣਤੀ ਦੇ ਘਾਟੇ ਨੂੰ ਪੂਰਾ ਕੀਤਾ। ਖਾਲਸੇ ਨੂੰ ਆਪਣੇ ਤੋਂ ਬਿਨਾਂ ਆਪਣੇ ਪੈਰੀਂ ਤੇ ਆਪਣੇ ਦਿਮਾਗ਼ੀਂ ਲੜਨੇ ਦਾ ਮੌਕਾ ਦਿੱਤਾ ਕਿ ਇਨ੍ਹਾਂ ਵਿਚ ਬਲ ਭਰੇ ਤੇ ਜਾਚ ਆਵੇ। ਇਹ ਹਾਰ ਦਾ ਮੂੰਹ ਬੀ ਵੇਖਣ ਤੇ ਹਾਰ ਵੇਲੇ ਨਾ ਹਾਰਣ ਦੀ ਜਾਚ ਬੀ ਸਿੱਖਣ। ਤੀਜਾ ਪਰਮਾਰਥਿਕ ਅਸੂਲ ਬੀ ਗੁਰੂ ਜੀ ਨੇ ਹੀ ਸਿਖਾਉਣਾ ਸੀ ਕਿ ਹੰਕਾਰ ਵਿਚ ਆਉਣਾ ਠੀਕ ਨਹੀਂ, ਹੰਕਾਰ ਮਤ ਮਲੀਨ ਕਰਦਾ ਹੈ: ਪਰ ਸ੍ਵੈ ਭਰੋਸਾ, ਸ੍ਵੈ ਟੇਕ ਤੇ ਚੜ੍ਹਦੀਆਂ ਕਲਾਂ ਬਲ ਭਰਦੀਆਂ ਤੇ ਮਤ ਨੂੰ ਨਿਰਮਲ ਰਖਦੀਆਂ ਹਨ।

ਗੁਰੂ ਜੀ ਤਾਂ ਇਕ ਉਸ ਵੇਲੇ ਦੇ ਮੌਕੇ ਮੂਜਬ ਜੁੱਧ ਦੀ ਚਾਲ ਸੰਭਾਲ ਰਹੇ ਸਨ, ਪਰ ਖ਼ਾਲਸੇ ਨੇ ਆਪਣੇ ਵਿਚ ਗੁਰੂ ਨਾ ਵੇਖ ਕੇ ਧੀਰਜ ਛੋੜ ਦਿੱਤਾ। ਸੂਰੇ ਗੁਰੂ ਨੇ ਫੇਰ ਧੀਰਜ ਬਨ੍ਹਾਇਆ, ਆਪਣੀ ਗੁਪਤ ਤਾਕਤ ਦੇ ਸਦਾ ਸਹਾਈ ਰਹਿਣ ਦਾ ਨਿਹਚਾ ਪੱਕਾ ਕਰਾ ਦਿੱਤਾ ਤੇ ਅੱਜ ਦੇ ਜੁੱਧ ਵਿਚ ਜੋ ਸਬਕ ਸਿਖਾਇਆ ਸੋ ਖ਼ਾਲਸੇ ਦਾ ਖਾਸ ਗੁਣ ਹੋ ਪ੍ਰਗਟਿਆ ਤੇ ਅਜ ਤਕ ਖ਼ਾਲਸੇ ਨੇ ਨਹੀਂ ਭੁਲਾਇਆ:- ਦੁਸ਼ਮਨ ਦੇ ਵਧੀਕ ਬਲ ਪੈ ਜਾਣ ਤੇ ਭੱਜ ਉਠਣਾ ਤੇ ਕੁਛ ਦੂਰ ਜਾ ਕੇ ਪੈਰ ਜਮਾ ਕੇ ਡੱਟ ਜਾਣਾ। ਦੁਸ਼ਮਨ ਖੁਸ਼ੀ ਵਿਚ ਵਧਿਆ ਆਉਂਦਾ ਹੈ ਤੇ ਆਪਣੀ ਸੋਚ ਵਿਚ ਨਹੀਂ ਹੁੰਦਾ; ਵੈਰੀ ਦੇ ਬੇਪਰਵਾਹ ਵਧੇ ਆਉਣ ਤੇ ਅਚਾਨਕ ਅਗੋਂ ਪੈ ਕੇ ਉਸਦੇ ਪੈਰ ਉਖੇੜ ਦੇਣੇ ਤੇ ਮੈਦਾਨ ਮਾਰ ਲੈਣਾ! ਦੂਜੀ ਵਿਉਂਤ ਇਹ ਕਿ ਐਸੇ ਜ਼ੋਰ ਪੈਣ ਤੇ ਪਿਛਲੇ ਪੈਰੀਂ ਹਟਣਾ, ਹਟੀ ਜਾਣਾ ਪਰ੍ਹੇ ਬੱਧੀ, ਆਪਣੀ ਸਫ ਨਹੀਂ ਟੁੱਟਣ ਦੇਣੀ। ਦੁਸ਼ਮਨ ਨਾਲ ਲੜੀ ਜਾਣਾ ਮਾਰੀ ਜਾਣਾ, ਮਰੀ ਜਾਣਾ, ਪਿੱਛੇ ਹਟੀ ਜਾਣਾ, ਪਰ ਐਸਾ ਪੈਂਤੜਾ ਬੱਧ ਪਿੱਛੇ ਹਟਣਾ ਕਿ ਦੁਸ਼ਮਨ ਨੂੰ ਹੱਲਾ ਕਰਨ ਦਾ ਹੌਸਲਾ ਨਾ ਪਵੇ ਤੇ ਇਉਂ ਵੈਰੀ ਨੂੰ ਹਫਾ ਦੇਣਾ। ਇਸ ਕਰਤਬ ਦਾ ਕਮਾਲ ਖਾਲਸੇ ਨੇ ਵਡੇ ਘੱਲੂਘਾਰੇ ਵਿਚ ਦਿਖਾਲਿਆ

 www.sikhbookclub.com

ਸੀ ਕਿ 12 ਕੋਹ ਪਿੱਛੇ ਹਟਣ ਵਿਚ ਅਬਦਾਲੀ ਇਕ ਵੇਰ ਵੀ ਉਹਨਾਂ ਦੀਆਂ ਸਫਾਂ ਨਹੀਂ ਸੀ ਤੋੜ ਸਕਿਆ ਤੇ ਹਫਕੇ ਪਾਣੀ ਦੀ ਢਾਬ ਆਈ ਤੇ ਉਸ ਦੀ ਸੈਨਾ ਪਾਣੀ ਪੀਣ ਬਹਿ ਗਈ।

ਸ੍ਰੀ ਦਸ਼ਮੇਸ਼ ਪਿਤਾ ਜੀ ਦੀ ਤੀਰ ਅੰਦਾਜ਼ੀ ਕਮਾਲ ਦੀ ਸੀ-ਹੁਣ ਤਾਂ ਲੋਕ ਸਮਝ ਨਹੀਂ ਸਕਦੇ ਕਿਉਂਕਿ ਤੀਰ-ਅੰਦਾਜ਼ੀ ਦਾ ਰਿਵਾਜ ਨਹੀਂ ਰਿਹਾ, ਬੰਦੂਕ ਨਾਲੋਂ ਤਦੋਂ ਤੀਰ ਛੇਤੀ ਚਲ਼ਾਇਆ ਜਾ ਸਕਦਾ ਸੀ ਤੇ ਇਸ ਹੁਨਰ ਦੇ ਕਮਾਲ ਵਾਲੇ ਗੁਰੂ ਜੀ ਕਈ ਵੇਰ ਇਸ ਨਾਲ ਬਹੁਤ ਕਾਮਯਾਬੀ ਲਿਆ ਕਰਦੇ ਸਨ {ਤੀਰ ਅੰਦਾਜ਼ੀ ਅਜੇ ਬੀ ਭੀਲਾਂ ਵਿਚ ਐਤਨੀ ਕੁ ਹ ਕਿ ਸੇਧ ਤੇ ਤੀਰ ਮਾਰ ਕੇ ਨਿਸ਼ਾਨੇ ਫੰਡ ਲੈਂਦੇ ਹਨ। ਸੁਣੀ ਆਵਾਜ਼ ਦੀ ਸੇਧ ਤੇ ਪੈਰ ਵਿਚ ਕਮਾਨ ਧਰਕੇ ਇਕ ਛੱਤ੍ਰੀ ਦਾ ਮੂੰਹ ਨਾਲ ਚਲਾਇਆ ਤੀਰ ਨਿਸ਼ਾਨੇ ਬੈਠਾ ਅਸਾਂ ਆਪ ਬੀ ਡਿਠਾ ਹੈ}

ਸਿੰਘ ਸਮਝੇ ਕਿ ਗੁਰੂ ਜੀ ਚਲੇ ਗਏ ਹਨ ਤੇ ਸਾਨੂੰ ਛੱਡ ਗਏ ਹਨ, ਪਰ ਗੁਰੂ ਜੀ ਲਾਭ ਵਾਲੇ ਟਿਕਾਣੇ ਨੂੰ ਤਾੜ ਕੇ ਉਥੇ ਅਚਿੰਤ ਖੜੋਤੇ ਆਪਣੀ ਧਨੁਖ ਵਿਦਜਾ ਦੇ ਕਮਾਲ ਨਾਲ ਫਤਹ ਪਾਉਣ ਦਾ ਬਾਨ੍ਹਣੂ ਬੰਨ੍ਹ ਰਹੇ ਸਨ। ਅਜ ਦੇ ਨਿਕੇ ਜਿਹੇ ਜੰਗ ਵਿਚ ਦਾਤਾ ਜੀ ਆਪਣਿਆਂ ਨੂੰ ਫਤਹ ਦੇ ਕਰਤਬ ਸਿਖਾ ਗਏ: ਜਿਨ੍ਹਾਂ ਦਾ ਕਿ ਜਸ ਹੁਣ ਤਾਂਈਂ ਹੁੰਦਾ ਹੈ।

ਆਨੰਦਪੁਰ ਇਸ ਖੁਸ਼ੀ ਦੇ ਸਮਾਗਮ ਹੋਏ, ਰਾਤ ਨੂੰ ਘਰ ਘਰ ਦੀਪਮਾਲਾ ਹੋਈ, ਸ਼ਾਦੀਆਨੇ ਵੱਜੇ ਤੇ ਵਧਾਈਆਂ ਮਿਲੀਆਂ। ਮਾਤਾ ਜੀ ਨੇ ਅਰਦਾਸੇ ਸੁਧਾਏ, ਸਿਰ ਵਾਰਨੇ ਕੀਤੇ, ਗੁਰੂ ਨਾਨਕ ਦੇਵ ਜੀ ਦੇ ਹਜ਼ੂਰ ਵਿਚ ਕੜਾਹ ਪ੍ਰਸ਼ਾਦ ਧਰਕੇ ਸ਼ੁਕਰਾਨੇ ਕੀਤੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਦੀਵਾਨ ਸਜਿਆ, ਸੰਗਤਾਂ ਅੱਜ ਉਮਡਕੇ ਆਈਆਂ, ਨਗਰੀ ਦੇ ਲੋਕ ਬੀ ਸਾਰੇ ਆਏ। ਜਦੋਂ ਭੋਗ ਪੈ ਗਿਆ ਤੇ ਪ੍ਰਸ਼ਾਦ ਵਰਤ ਗਿਆ ਤਦ ਸਭ ਨੇ ਸ੍ਰੀ ਗੁਰੂ ਜੀ ਨੂੰ ਵਧਾਈਆਂ ਦਿੱਤੀਆਂ। ਭਾਈ ਨੰਦ ਲਾਲ ਜੀ ਦੀ ਇਕ ਗ਼ਜ਼ਲ ਹੈ ਜੋ ਉਸ ਸਮੇਂ ਤੇ ਆਖੀ ਗਈ ਜਾਪਦੀ ਹੈ, ਜੋ ਐਉਂ ਹੈ:-

ਜਿੱਧਰ ਜਾਵੇਂ ਪਜਾਰੇ ਮੇਰੇ! ਤੇਰਾ ਹੋਵੇ ਰਬ ਰਾਖਾ।
ਦਿਲ ਤੇ ਦੀਨ ਲੈ ਗਿਓਂ ਮੇਰਾ, ਤੇਰਾ ਹੋਵੇ ਰਖ ਰਾਖਾ।
ਬੁਲਬੁਲ ਅਤੇ ਗੁਲਾਬ ਦੁਏ ਹਨ, ਵਿਚ ਉਡੀਕਾਂ ਤੇਰੀਆਂ ਦੇ,
ਫੇਰਾ ਪਾ ਹੁਣ ਚਮਨ ਅਸਾਡੇ, ਤੇਰਾ ਹੈਵੇ ਰਬ ਰਾਖਾ।

 www.sikhbookclub.com

ਤਪ ਰਿਹਾ ਸੀਨਾ ਕੁੱਠਾ ਮੇਰਾ, ਕਲਗੀਆਂ ਵਾਲੇ ਬਿਰਹੋਂ ਵਿੱਚ,
ਲਾਲ ਲਬਾਂ ਤੋਂ ਨਮਕ ਪੈ ਰਿਹਾ, ਹੁਣ ਤਾਂ ਹੈਵੇ ਰੱਬ ਰਾਖਾ।
ਆ ਮੇਰੀ ਅੱਖ-ਪੁਤਲੀ ਬਹਿ ਜਾ ਇਹ ਤੇਰਾ ਹੈ ਘਰ ਸਤਿਗੁਰ!
ਰੋਂਦੀਆਂ ਅੱਖੀਆਂ ਵਿਚ ਸਮਾ ਜਾ, ਤੇਰਾ ਹੈਵੇ ਰੱਬ ਰਾਖਾ।
ਝੂੰਮ ਝੂਮੰਦੇ ਸਰੂ ਵਾਂਗ ਤੂੰ, ਚਮਨ ਅਸਾਡੇ ਫੇਰਾ ਪਾ,
ਫੇਰਾ ਪਾਵੇਂ, ਖੁਸ਼ੀਆਂ ਹੋਵਣ, ਤੇਰਾ ਹੋਸੀ ਰਬ ਰਾਖਾ।

ਇਹ ਉੱਪਰਲੀ ਪੰਜਾਬੀ ਗ਼ਜ਼ਲ ਭਾਈ ਸਾਹਿਬ ਜੀ ਦੀ ਜਿਸ ਫਾਰਸੀ ਗ਼ਜ਼ਲ ਦਾ ਅਨੁਵਾਦ ਹੈ ਉਹ ਇਹ ਹੈ:-

ਬਹਰ ਕੁਜਾ ਕਿ ਰਵੀ ਜਾਨੇ ਮਨ ਖ਼ੁਦਾ ਹਾਫਿਜ਼!
ਬਿਬੁਰਦਹਈ ਦਿਲੋ ਈਮਾਨੇ ਮਨ ਖ਼ੁਦਾ ਹਾਫ਼ਿਜ!
ਬਿਆ ਕਿ ਬੁਲਬੁਲੋ ਗੁਲ ਹਰਦੋ ਇੰਤਜ਼ਾਰੇ ਤੁਅੰਦ,
ਦਮੇ ਬਜਾਨਿਬੇ ਬੁਸਤਾਨੇ ਮਨ; ਖ਼ੁਦਾ ਹਾਫ਼ਿਜ਼!
ਨਮਕ ਜ਼ਿਲਾਲੇ ਲਬਤ ਰੇਜ਼ਦ ਬਰ ਦਿਲੇ ਰੇਸ਼ਮ,
ਤਪੀਦ ਸੀਨਹਏ ਬਿਰੀਆਂਨੇ ਮਨ ਖ਼ੁਦਾ ਹਾਫਿਜ਼!
ਬਿਯਾ ਬਮਰਦਮਕੇ ਦੀਦਹਅਮ ਕਿ ਖ਼ਾਨਹਏ ਤੁਸਤ,
ਦਰੂਨੇ ਦੀਦਹੇ ਗਿਰੀਆਨੇ ਮਨ ਖ਼ੁਦਾ ਹਾਫ਼ਿਜ਼!
ਚਿ ਖ਼ੁਸ਼ ਬਵਦਕਿ ਖ਼ਿਰਾਮਦ ਕਦਤਚੁ ਸਰਵੇ ਬੁਲੰਦ,
ਦਮੇਂ ਬਸੂਏ ਗੁਲਿਸਤਾਨੇ ਮਨ ਖ਼ੁਦਾ ਹਾਫ਼ਿਜ਼!

 www.sikhbookclub.com

www.sikhbookclub.com

# ਸਿਮਰਨ ਦਾ ਨੂਰੀ ਖਿੜਿਆ ਬਾਗ਼

❖ ਪ੍ਰੋ. ਪੂਰਨ ਸਿੰਘ

## 1. ਸਾਡਾ "ਨਾਮ"

**ਗੁਰੂ** ਨਾਨਕ ਉਹ 'ਨਾਮ' ਹੈ, ਜਿਸ ਦਾ ਅਸੀਂ ਜਾਪ ਕਰਦੇ ਹਾਂ ਜਿਵੇਂ ਕਿ ਪੰਛੀ ਪਹੁ ਫੁਟਾਲੇ ਸਮੇਂ ਚਹਿਚਹਾ ਉਠਦੇ ਹਨ। ਗੁਰੂ ਨਾਨਕ, ਕਹਿੰਦੇ, ਅਸੀਂ ਲੰਘ ਜਾਂਦੇ ਹਾਂ। ਉਦੋਂ ਨਾ ਹੀ ਅਸੀਂ ਖੱਬੇ ਵੇਖਦੇ ਹਾਂ ਨਾ ਸੱਜੇ ਸਾਡੇ ਬੁਲ੍ਹ ਨਾਮ ਦੀ ਸ਼ਹਿਦ ਨਾਲ ਜੁੜੇ ਹੁੰਦੇ ਹਨ, ਸਾਡੇ ਨੈਣ ਗੁਰੂ-ਮਨ ਦੇ ਮਹਾਨ, ਸੁੱਚੇ ਸੱਚੇ ਸੰਸਾਰ ਦੇ ਸੁਪਨੇ ਨਾਲ ਨਸ਼ਿਆਏ ਹੁੰਦੇ ਹਨ। ਅਸੀਂ ਜੀਵਨ-ਮੰਤਰ ਨੂੰ ਮਸ਼ੀਨ ਵਾਂਗ ਗੁਨਗੁਨਾਂਦੇ ਜਾਂਦੇ ਹਾਂ ਅਤੇ ਅਸੀਂ ਲੋਕਾਂ ਦੇ ਦਿਲਾਂ ਅਤੇ ਵਸਤਾ ਤੋਂ ਪ੍ਰਭਾਵਤ ਹੋਏ ਬਿਨਾਂ ਅਤੇ ਕਿਸੇ ਨੂੰ ਦੁਖੀ ਕੀਤੇ ਬਿਨਾਂ ਹੀ ਲੰਘ ਜਾਂਦੇ ਹਾਂ, ਅਸੀਂ ਕੁਲ ਆਲਮ ਦੇ ਰਕਤ ਵਿਚ ਇਕ ਚੰਗੇ ਵਿਚਾਰ ਵਾਂਗ ਹਲੂਲ ਕਰਦੇ ਜਾਂਦੇ ਹਾਂ, "ਨਾਮ"! "ਨਾਮ"!

ਜਿਵੇਂ ਬੱਚਾ ਆਪਣੀ ਮਾਂ ਨੂੰ ਜਾਣਦਾ ਹੈ ਅਤੇ ਬੱਸ, ਅਸੀਂ ਵੀ ਆਪਣੇ ਨਾਮ ਨੂੰ ਜਾਣਦੇ ਹਾਂ ਅਤੇ ਬੱਸ। ਉਹ ਬੱਚੇ ਨੂੰ ਪੁਛਦੇ ਹਨ, ਰੱਬ ਕੀ ਹੈ ਅਤੇ ਕਿੱਥੇ ਹੈ? ਬੱਚਾ ਕਿਵੇਂ ਬੋਲ ਸਕਦਾ ਹੈ? ਬੱਚਾ ਹਸਦਾ ਹੈ। ਬੱਚੇ ਨੇ ਅਜੇ ਨਾ ਭਾਸ਼ਾ ਸਿੱਖੀ ਹੈ ਅਤੇ ਨਾ ਹੀ ਵਿਚਾਰ। ਤੁਸੀਂ ਖ਼ੁਦਾ ਵਿਚ ਵਿਸ਼ਵਾਸ ਰੱਖਦੇ ਹੋ ਜਾਂ ਨਹੀਂ? ਇਹਅਤੇ ਉਹ ਕਹੇ ਅਸ਼ਿਸ਼ਟ ਸਵਾਲ ਹਨ। ਇੰਨਾ ਹੀ ਕਾਫ਼ੀ ਹੈ, ਗੁਰੂ ਦੀ ਬੁਕਲ ਵਿਚ ਮੈਂ ਲੁਕਿਆ ਹੋਇਆ ਹਾਂ ਅਤੇ ਮੈਨੂੰ ਅਜ਼ਲੀ ਖ਼ੁਸ਼ੀ ਪ੍ਰਾਪਤ ਹੈ, ਜਿਸ ਪਾਸ ਇਨ੍ਹਾਂ ਸਵਾਲਾਂ ਲਈ ਕੋਈ ਉੱਤਰ ਨਹੀਂ।


www.sikhbookclub.com

ਇਸ ਤਰ੍ਹਾਂ ਤੁਸੀਂ ਲੜਾਈਆਂ ਨਹੀਂ ਲੜ ਸਕਦੇ। ਤੁਸੀਂ ਬਿਨਾਂ ਸਰੀਰ ਤੋਂ ਰੂਹ ਦੀ ਸ਼ਾਂਤੀ ਲੱਭ ਰਹੇ ਹੋ ਅਤੇ ਸਰੀਰ ਬਿਨਾਂ ਰੂਹ ਕੀ ਹੈ? ਨਹੀਂ, ਮੇਰਾ ਇਕ ਅਰਸ਼ੀ ਮਿੱਤਰ ਹੈ, ਜੋ ਮੈਨੂੰ ਬਚਾਉਂਦਾ ਹੈ ਅਤੇ ਸਾਰਿਆਂ ਨੂੰ ਵੀ। ਜੇ ਮੈਂ ਜਿਊਣਾ ਹੈ ਤਾਂ ਮੈਂ ਉਸ ਦੇ ਹੁਕਮ ਅੰਦਰ ਜੀਵਾਂਗਾ ਅਤੇ ਉਹ ਤੇਰੇ ਅਤੇ ਮੇਰੇ ਤੋਂ ਵੱਧ ਜਾਣਦਾ ਹੈ। ਮੇਰਾ ਵਿਸ਼ਵਾਸ ਹੈ, ਉਹ ਸੇਵਕ ਨੂੰ ਇਕ ਦਿਨ ਵਿਚ, ਇਕ ਲਮਹੇ ਵਿਚ ਰੰਗ ਸਕਦਾ ਹੈ। ਵਡਿਆਈ ਸਾਰੀ ਉਸੇ ਦੀ ਹੈ। ਮਹਾਂਪੁਰਖ ਤਾਂ ਉਸ ਦੀ ਕਿਰਪਾ ਦੇ ਮਾਧਿਅਮ ਹਨ। ਜੋ ਆਪਣੇ ਪਿਤਾ ਦੀ ਰਜ਼ਾ ਵਿਚ ਹੈ ਮਹਾਨ ਹੈ। ਹੋਰ ਕੋਈ ਨਹੀਂ, ਹੋਰ ਕੋਈ ਨਹੀਂ। ਉਸ ਸੇਵਾ ਦੀ ਵਡਿਆਈ ਹੈ, ਜੋ ਆਪਣੇ ਸੇਵਕ ਨੂੰ ਕਰਨ ਲਈ ਕਹਿੰਦਾ ਹੈ। ਟਹਿਣੀ ਤੇ ਬੈਠਾ ਪੰਛੀ, ਜੋ ਸੁਬਾ ਸਾਦਕ ਵੇਲੇ ਚਹਿਚਹਾ ਉਠਦਾ ਹੈ, ਉਸ ਹਦ ਤਕ ਹੀਰੋ ਹੈ। ਸਾਡਾ ਵਿਸ਼ਵਾਸ ਹੈ ਕਿ ਮਨੁੱਖ ਬੱਚੇ ਵਾਂਗ, ਬਛੜੇ ਵਾਂਗ, ਪੰਛੀ ਵਾਂਗ ਸ਼ਕਤੀ ਹੀਣ ਹੈ।

## 2. ਸਾਡੇ ਲੰਮੜੇ ਕੇਸ

**ਕੀ** ਤੁਸੀਂ ਜਾਣਦੇ ਹੋ ਕਿ ਸਾਡੇ ਲੰਮੇ ਕੇਸ, ਭਰਮ ਦੇ ਸਾਗਰ ਦੀਆਂ ਫਿਰਤੂ ਲਹਿਰਾਂ ਹਨ। ਗੁਰੂ ਗੋਬਿੰਦ ਸਿੰਘ ਨੇ ਚੇਤਨਾ ਦੇ ਸਾਗਰ ਦੀਆਂ ਲਹਿਰਾਂ ਨੂੰ ਇਕੱਠਾ ਕੀਤਾ, ਜਿਵੇਂ ਮਾਂ ਆਪਣੇ ਬੱਚੇ ਦੇ ਕੇਸ ਗੁੰਦਦੀ ਹੈ। ਮਨੁੱਖ ਕੀ ਹੈ, ਚੇਤਨਤਾ ਦਾ ਸਾਗਰ ਹੀ ਤਾਂ ਹੈ। ਮਾਲਕ ਨੇ ਉਨ੍ਹਾਂ ਨੂੰ ਧੋਤਾ, ਕੰਘਾ ਕੀਤਾ ਅਤੇ ਭਵਿੱਖਤ ਮਨੁੱਖਤਾ, ਜੋ ਜ਼ਾਤਪਾਤ ਦੇ ਵਿਕਰੇ ਤੋਂ ਰਹਿਤ ਹੋਵੇ, ਮਨੁੱਖ ਮਨੁੱਖ ਦੇ ਵਿਚਾਲੇ ਦੇ ਭੇਦ-ਭਾਵ ਤੋਂ ਉਪਰ ਉੱਠੇ ਅਤੇ ਜੋ ਰੂਹਾਨੀ ਭਾਈਚਾਰੇ ਦੀ ਸ਼ਾਂਤੀ ਅਤੇ ਸਦਭਾਵਨਾ ਲਈ ਕੰਮ ਕਰੇ, ਦੇ ਸੰਕਲਪ ਵਜੋਂ ਉਸ ਨੂੰ ਜੂੜੇ ਦਾ ਰੂਪ ਦੇ ਦਿੱਤਾ। ਜੋ ਉਸ ਦਾ ਜੂੜਾ ਰੱਖਦਾ ਹੈ ਉਹ ਸਭ ਦਾ ਭਰਾ ਹੈ, ਖ਼ੁਦਗਰਜ਼ੀ ਦੀ ਮੰਦ ਭਾਵਨਾ ਤੋਂ ਆਜ਼ਾਦ ਹੈ। ਉਸ ਲਈ ਇਹ ਲਾਜ਼ਮੀ ਹੈ ਕਿ ਉਹ ਨਾ ਹੀ ਕਿਸੇ ਵੱਖਰੀ ਨਸਲ, ਧਰਮ ਦਾ ਹੋਵੇ, ਅਤੇ ਨਾ ਹੀ ਲੁਟਮਾਰ ਕਰਦੀਆਂ, ਦੂਜੇ ਲੋਕਾਂ ਨੂੰ ਅਧੀਨ ਕਰਨ ਲਈ ਜ਼ੁਲਮ ਕਰਦੀਆਂ ਕੌਮੀ ਗੁਟ-ਬੰਦੀਆਂ ਵਿਚੋਂ ਹੋਵੇ।

ਉਹ ਲੋਕ ਜਿਨ੍ਹਾਂ ਨੂੰ ਪਿਆਰ ਦੇ ਨੇਮਾਂ ਦਾ ਪਤਾ ਨਹੀਂ, ਉਨ੍ਹਾਂ ਨੂੰ ਮਾਲਕ ਦੇ ਬਖਸ਼ੇ ਪਵਿੱਤਰ ਜੂੜੇ ਨੂੰ ਧਾਰਣ ਨਹੀਂ ਕਰਨਾ ਚਾਹੀਦਾ ਅਤੇ


www.sikhbookclub.com

ਜੋ ਕੇਸ ਰੱਖਦੇ ਹਨ, ਤਾਂ ਉਨ੍ਹਾਂ ਨੂੰ ਤੇ ਉਸ ਨੂੰ ਇਜਤ ਵਿਚ ਰੂਹਾਨੀ ਤੌਰ ਤੇ ਵੱਖਰਾ ਕਰਨ ਲੈਣ ਦੇ ਚਿੰਨ੍ਹ ਵਜੋਂ ਰੱਖਣਾ ਚਾਹੀਦਾ ਹੈ। ਉਸ ਦੀ ਫ਼ਰਮਾ-ਬਰਦਾਰੀ ਹੀ ਜੀਵਨ ਹੈ। ਉਸ ਮਹਾਨ ਪਿਆਰ ਤੋਂ ਬਾਹਰ ਕੋਈ ਜੀਵਨ ਨਹੀਂ। ਗੁਰੂ ਗੋਬਿੰਦ ਸਿੰਘ ਦੇ ਕੇਸਾਧਾਰੀ ਵੀਰਾਂ ਦਾ ਨਿਸ਼ਾਨਾ ਹੀ ਵੱਖਰਾ ਹੈ, ਸੇਧ ਹੀ ਵੱਖਰੀ ਹੈ, ਉਨ੍ਹਾਂ ਦੀ ਪ੍ਰੇਰਣਾ ਹੀ ਵੱਖਰੀ ਹੈ।

ਸਾਡੇ ਜੀਵਨ ਦੀਆਂ ਸ਼ਰਤਾਂ ਨਾਲ ਇਸ ਦਾ ਕੋਈ ਸੰਬੰਧ ਨਹੀਂ। ਅਸੀਂ ਕੰਡਿਆਂ ਦੀ ਸੇਜ ਜਾਂ ਚਿਕੜ ਦੀ ਸੇਜ ਤੇ ਇਕੋ ਜਿਹੀ ਖ਼ੁਸ਼ੀ ਨਾਲ ਫੁੱਲਾਂ ਵਾਂਗ ਖਿੜਦੇ ਹਾਂ, ਕਿਉਂਕਿ ਉਸ ਦੇ ਸਨਮੁਖ ਹੋਣਾ, ਉਸ ਵਿਚ ਰਹਿਣਾ, ਉਸ ਦੀ ਸਵਾਸ ਲੈਣਾ ਹੀ ਸਾਡਾ ਜੀਵਨ ਹੈ। ਅਤੇ ਜੋ ਕੋਈ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਬਣਨਾ ਚਾਹੁੰਦਾ ਹੋਵੇ, ਆਓ ਅਤੇ ਬਣੋ। ਇਹ ਪਿਆਰ ਦਾ ਜੀਵਨ ਹੈ, ਕਿਸੇ ਹੋਰ ਸੱਚਾਈ ਦਾ ਨਹੀਂ। ਹੋਰਨਾਂ ਸੱਚਾਈਆਂ ਨਾਲ ਸਾਨੂੰ ਕੀ। ਅਸੀਂ ਗੁਰੂ ਗੋਬਿੰਦ ਸਿੰਘ ਦੇ ਕੇਸਾ ਧਾਰੀਆਂ ਦਾ ਸੰਘ ਹਾਂ, ਸਾਡੇ ਮਨੋਰਥ ਪ੍ਰਾਲਭਦ ਵਾਂਗ ਅਭੇਦ ਹਨ।

## 3. ਉਤੇਜਿਤ ਘੁੱਗੀਆਂ

**ਸਾਡੇ** ਗੁਰੂ ਨਾਨਕ ਸਾਹਿਬ ਨੇ ਲੋਕਾਂ ਦਾ ਰੁਖ਼ ਮਨੁੱਖ ਦੀ ਅਸਲੀ ਮੂਲ ਚੰਗਿਆਈ ਵੱਲ ਮੋੜਿਆ। ਉਨ੍ਹਾਂ ਕਿਸੇ ਨੂੰ ਉਸ ਦੇ ਜੀਵਨ ਕੇਂਦਰ ਤੋਂ ਬਾਹਰ ਵੱਲ ਨਹੀਂ ਪ੍ਰੇਰਿਆ। ਮਨੁੱਖ ਨੂੰ ਜੋ ਕੁਝ ਉਹ ਹੈ ਅਤੇ ਜਿਸ ਹੈਸੀਅਤ ਵਿਚ ਹੈ, ਚਾਉ ਵਿਚ ਨਾ ਵੇਖ ਕੇ ਤਰਸ ਖਾਧਾ। ਜੀਵਨ ਪ੍ਰਸਥਿਤੀਆਂ, ਦੋਵੇਂ ਸਰੀਰ ਅਤੇ ਮਨ ਦੀਆਂ, ਦੀ ਕੋਈ ਮਹੱਤਤਾ ਨਹੀਂ। ਭੁੱਖ ਦਾ ਪਿੰਜਿਆ ਅਤੇ ਰੱਜਿਆ ਪੁੱਜਿਆ ਸਰੀਰ ਇਕੋ ਰੂਹਾਨੀ ਨਜ਼ਰੀਏ ਦੇ ਸੂਚਕ ਹਨ। ਉਸ ਦੇ ਹੋਣ ਦੀ ਖੁਸ਼ੀ ਦਾ ਗਿਆਨ ਸਦਾ ਸੁਤੰਤਰ ਹੁੰਦਾ ਹੈ। ਉਹ ਜੀਵਨ ਪੂਰੀ ਤਰ੍ਹਾਂ ਲਟ ਲਟ ਬਲ ਰਿਹਾ ਹੁੰਦਾ ਹੈ, ਜੋ ਗੁਰੂ ਨੇ ਆਪਣੇ ਸਾਹ ਨਾਲ ਜਗਾਇਆ ਹੈ। ਭਾਰਤ ਵਿਚ ਪੈਦਾ ਹੋਣ ਕਰਕੇ, ਉਸ ਦੀ ਭਾਸ਼ਾ, ਇਥੇ ਵਰਤੋਂ ਵਿਚ ਆ ਰਹੇ ਸ਼ਬਦਾਂ ਤਕ ਸੀਮਿਤ ਰਹਿੰਦੀ ਹੈ। ਉਹ ਦੋਹਾਂ, ਮੁਸਲਮਾਨਾਂ ਅਤੇ ਹਿੰਦੂਆਂ ਨੂੰ ਮਿਲੇ ਅਤੇ ਇਨਸਾਨ ਬਣਨ ਲਈ ਕਿਹਾ, ਪਿਆਰ ਦੇ ਕਾਨੂੰਨ ਅਨੁਸਾਰ ਸੰਸਾਰ ਦੀ ਨਵੀਂ ਸਮਾਜਿਕ ਪੁਨਰ ਉਸਾਰੀ ਸੰਬੰਧੀ ਦਿੱਤੇ ਸੁਝਾ, ਮਨੁੱਖਾਂ ਦੇ ਵਿਕਾਸ ਵਿਚ ਪਾਇਆ

ਇਕ ਅਦੁੱਤੀ ਹਿੱਸਾ ਹਨ। ਉਨ੍ਹਾਂ ਨੇ ਗੁਰੂ ਪਿਆਰ ਵਿਚ ਖੀਵੇ ਇਕ ਆਦਰਸ਼ ਸਮਾਜ ਦੀ ਸਿਰਜਨਾ ਕੀਤੀ-ਇਹ ਇਕ ਮਹਾਨ ਅਤੇ ਸਫ਼ਲ ਤਜਰਬਾ ਸੀ। ਸੱਦ ਸੀ ਕੇਵਲ ਮਨੁੱਖ, ਮਨੁੱਖ, ਮਨੁੱਖ। ਇਹ ਨਵੇਂ ਧਰਮ ਦੇ ਤੇਜ ਪ੍ਰਤਾਪ ਅਤੇ ਤਾਜ਼ਗੀ ਨਾਲ ਆਉਂਦੀ ਹੈ, ਇਹ ਕੋਈ ਨਵੇਂ ਫ਼ਿਰਕੇ ਨਾਲ ਨਹੀਂ ਸਗੋਂ, ਮਨੁੱਖ ਦੀ ਆਪਣੀ ਅਸਲੀ ਅਤੇ ਸੱਚੀ ਮਰਦਾਨਗੀ ਲਈ ਇਕ ਸ਼ਕਤੀਸ਼ਾਲੀ ਮਿਠੀ ਅਤੇ ਅਰੁੱਕ ਸੱਦ ਹੈ।

ਕੁਹਾੜੀ ਲੈ ਕੇ, ਇਥੋਂ ਤਕ ਕਿ ਨਾਸ਼ ਕਰਨ ਵਾਲੇ ਮਨੁੱਖ ਨੂੰ ਵੀ ਛਾਂ ਦੇਣ ਵਾਲੇ ਰੁੱਖ, ਮਹਿਕ ਦੇਣ ਵਾਲੇ ਫੁੱਲ ਨੇ ਉਨ੍ਹਾਂ ਲੋਕਾਂ ਨਾਲੋਂ, ਗੁਰੂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਹੈ, ਜੋ ਛੇਤੀ ਹੀ ਪਸ਼ੂਆਂ ਵਾਲੀ ਖ਼ੁਦਗ਼ਰਜ਼ੀ ਦੇ ਆਉਂਦਿਆਂ ਹੀ ਪੱਥ ਭ੍ਰਸ਼ਟ ਹੋ ਜਾਂਦੇ ਹਨ।

ਪੂਰੇ ਖਿੜੇ ਕਮਲ, ਪੂਰੇ ਖਿੜੇ ਗੁਲਾਬ ਦੇ ਫੁੱਲ ਆਤਮ ਜੀਵਨ ਚੰਗਿਆੜੀ ਨਾਲ ਭਖ ਰਹੇ ਹਨ, ਜਿਸ ਨੂੰ ਗੁਰੂ ਸਾਹਿਬਾਂ ਨੇ ਕਿਹਾ ਹੈ ਕਿ ਇਹ ਰੂਹਾਨੀ ਹੈ। ਇਹ ਮਨੁੱਖਾਂ ਵਿਚ ਨਹੀਂ, ਜਿਨ੍ਹਾਂ ਦੀਆਂ ਵੱਖ ਵੱਖ ਜਾਤੀਆਂ ਤੇ ਧਰਮ ਹਨ ਅਤੇ ਦਿਮਾਗ਼ ਇਲਮੀਅਤ ਨਾਲ ਤੂਣੇ ਪਏ ਹਨ। ਮਨੁੱਖ ਦੀ ਉਸ ਉੱਨਤੀ ਦਾ ਕੀ ਲਾਭ ਹੈ ਜੋ ਉਸ ਨੂੰ ਮਨੁੱਖ ਅਤੇ ਕੁਦਰਤ ਦਾ ਭਰਾ ਨਹੀਂ ਬਣਾਉਂਦੀ ? ਮਨੁੱਖੀ ਜਾਂ ਦੈਵੀ ਹਮਦਰਦੀ ਦੀ ਅਸੀਮ ਚੇਤਨਾ ਹੀ ਜੀਵਨ ਹੈ। ਪਰ ਅੱਜ ਦੇ ਸਾਰੇ ਨੀਤੀ ਸ਼ਾਸਤਰ ਅਤੇ ਧਰਮ ਅਤੇ ਸਮਾਜ ਸਾਨੂੰ ਪੱਥਰ ਬਣਾਉਣ ਤੇ ਲੱਗੇ ਹੋਏ ਹਨ।

ਘੁਗੀਆਂ ਦੀ, ਉਤੇਜਿਤ ਹੋਈਆਂ ਘੁੱਗੀਆਂ ਦੀ ਇਕ ਡਾਰ, ਤੜਕ ਸਾਰ ਰੁਸ਼ਨਾਏ ਬਦਲਾਂ ਵਾਂਗ ਆਪਣੇ ਚਿੱਟੇ ਖੰਭਾਂ ਨੂੰ ਫੜਫੜਾਉਂਦੀ, ਆਪਣੀ ਖੁਸ਼ੀ ਵਿਚ ਜਾ ਰਹੀ ਗੁਰੂ ਦੀ ਰੂਹਾਨੀਅਤ ਦਾ ਚਿੰਨ੍ਹ ਹੈ, ਨਾ ਕਿ ਪੱਥਰ ਦਾ ਬੁਤ, ਨਾ ਹੀ ਸਮੇਂ ਨੇ ਪਧਰਾਇਆ ਪੱਥਰ-ਵੱਟੇ ਦਾ ਦੇਵਤਾ।

## 4. ਸਿਤਾਰਿਆਂ ਜਿੰਨੀ ਸ਼ੋਭਾ ਨਾਲ

**ਰੂਹਾਨੀ** ਪ੍ਰਵਿਰਤੀ, ਜੀਵਨ ਦੀਆਂ ਘੱਟ ਜਾਂ ਵੱਧ ਵਿਕਸਤ ਸਟੇਜਾਂ ਤੋਂ ਸੁਤੰਤਰ ਰਹਿੰਦੀ ਹੈ, ਮੂਕ ਹਿਰਣੀ ਅਤੇ ਖਿੜਿਆ ਘਾਅ, ਖ਼ੂਬਸੂਰਤ ਤਿੱਤਰ, ਜੋ ਖੁਸ਼ੀ ਨਾਲ ਪ੍ਰਭਾਤ ਨੂੰ ਵਾਜਾਂ ਮਾਰਦੇ ਹਨ ਅਤੇ ਆਪਣੇ ਖ਼ੁਦਾ ਦੇ ਸਜਦੇ ਵਿਚ ਡਿਗੇ ਪੈਗ਼ੰਬਰ ਵਾਂਗ ਬਰਾਬਰ ਅਰਦਾਸ ਕਰਦੇ ਰਹਿੰਦੇ ਹਨ। ਇਹ

ਤਾਂ ਸਿਤਾਰਿਆਂ ਵਰਗੀ ਸ਼ੋਭਾ ਰਖਦੇ ਹੋਏ ਧਰਤੀ ਤੇ ਐਨ ਸਿੱਧੇ ਖੜੇ ਰੇਸ਼ੇ ਵਾਂਗ ਹਨ।

ਇਕ ਸਿਰੇ ਤੇ, ਵਹਿਮ ਭਰਮ ਅਚਨਚੇਤ ਹੀ ਰੂਹਾਨੀ ਸੱਚਾਈ ਤੇ ਸੱਟ ਮਾਰਦੇ ਹਨ ਅਤੇ ਦੂਜੇ ਤੇ ਬੁਧ ਦਾ ਭਰਪੂਰ ਪ੍ਰਕਾਸ਼ ਹੈ। ਇਸ ਬਾਰੇ ਅਤੇ ਦੋਹਾਂ ਧਰੂਆਂ ਬਾਰੇ ਵਾਦ ਵਿਵਾਦ ਪਾਣੀ ਨੂੰ ਦੁੱਧ ਸਮਝ ਕੇ ਰਿੜਕਣ ਵਾਲੀ ਗੱਲ ਹੈ।

ਸਾਰੀ ਉਮਰ ਅਗਿਆਨਤਾ ਵਸ ਵੱਖ ਵੱਖ ਰਾਜਾਂ ਨੂੰ ਫਤਹ ਕਰਨ ਉਪਰੰਤ ਅਸ਼ੋਕ ਦਾ ਮਨ ਰੂਹਾਨੀ ਚਾਨਣ ਲਈ ਭੁੱਖਾ ਸੀ, ਉਹ ਗ਼ਰੀਬ ਹੋ ਗਿਆ। ਅਜਿਹੀ ਸਲਤਨਤ ਦੇ ਨਿਰਮਾਣ ਦੀ ਕੀ ਲੋੜ ਹੈ, ਜਿਸ ਦੀ ਆਪਣੀ ਆਤਮਾ ਦੀ ਪਛਾਣ ਦੇ ਰਾਹ ਵਿਚ ਕੋਈ ਸਦਾਚਾਰਕ ਕੀਮਤ ਨਹੀਂ?

## 5. ਗੁਰੂ ਨਿਰੰਕਾਰ ਦੀ ਸੰਗਤ ਸਿਰਜਨਾ

**ਕੁਦਰਤ** ਵੱਖ ਵੱਖ ਮਨੁੱਖਾ ਨੂੰ ਜਨਮ ਦਿੰਦੀ ਹੈ। ਉਹ ਜਿਵੇਂ ਕਿ ਖ਼ੁਦਾ ਨੇ ਉਨ੍ਹਾਂ ਨੂੰ ਬਣਾਇਆ ਹੈ, ਚੰਗੇ ਮੰਦੇ ਜਾਂ ਹੋਰਵੇਂ ਹਨ। ਭਾਂਡੇ, ਵਧੀਆ ਜਾਂ ਘਟੀਆ ਰੂਪ ਦਿੱਤੇ। ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਇਕ ਨਿਹਾਲੀ ਪਏ ਸਵਨ, ਇਕ ਚੁਲੇ ਰਹਿਣ ਚੜ੍ਹੇ ਅਤੇ ਇਕ ਸੀਤਲ ਜਲ ਦੇ ਭਰੇ ਹਨ। ਸਾਰੇ, ਜਿਵੇਂ ਉਹ ਕੁਦਰਤ ਨੇ ਸਾਜੇ ਹਨ। ਬੜੀਆਂ ਹੀ ਕਿਸਮਾਂ ਦੇ ਫੁੱਲ ਅਤੇ ਪੱਤੇ ਹਨ, ਕਈਆਂ ਵਿਚ ਜ਼ਹਿਰ ਹੈ ਅਤੇ ਕਈਆਂ ਵਿਚ ਅੰਮ੍ਰਿਤ ਅਤੇ ਗੁਰੂ ਹਸਤੀ ਉਹ ਲੋਕ ਸਿਰਜਦੀ ਹੈ, ਪ੍ਰਮਾਤਮਾ ਦੀ ਯਾਦ ਵਿਚ ਖੀਵੀ ਰਤਨਮੰਡਲੀ, ਸੰਗ ਅਰਥਾਤ ਸੰਗਤ। ਜਿਵੇਂ ਪੌਦੇ ਕੇਂਦਰੀ ਸੂਰਜ ਦੁਆਲੇ ਚੱਕਰ ਲਾਉਂਦੇ ਹਨ, ਉਸ ਤਰ੍ਹਾਂ ਨਵ-ਜਨਮੇਂ, ਵਿਸ਼ਵਾਸ ਵਿਗੁਤੇ, ਰੰਗ-ਰੱਤੜੇ ਗੁਰੂ ਦੇ ਘਰ ਜਲਮੇ, ਗੁਰੂ ਦੁਆਲੇ ਘੁੰਮਦੇ ਹਨ। ਜਿਉਂਦੇ ਜਾਗਦੇ, ਸੰਗੀਤ ਰੂਪੀ, ਸੰਗੀਤ ਵਿਚ ਜੀਉਂਦੇ, ਜੀਵਨ ਸੰਗੀਤ ਦੀ ਵਰਸ਼ਾ ਕਰਦੇ ਮਨੁੱਖਾਂ ਦੀ ਧ੍ਰਵੀ ਤਾਰਿਆਂ ਦੀ ਇਹ ਖਿੱਤੀ ਉਸ ਦੀ ਯਾਦ, ਉਸ ਹੁਸੀਨ ਦੇ ਸਿਮਰਨ ਦੀ ਸੰਗਤ ਹੈ। ਅਜਿਹੇ ਹਨ ਸਿਮਰਨ ਦੇ ਸਿੱਖ ਸਾਧ। ਧਰਤੀ ਸੂਰਜ ਤੋਂ ਦੂਰ ਨੱਠਣ ਦੀ ਕੋਸ਼ਿਸ਼ ਕਰਦੀ ਹੈ, ਪਰ ਇਹ ਸੂਰਜ ਹੀ ਹੈ, ਜੋ ਉਸ ਨੂੰ ਖਿੱਚੀ ਰੱਖਦਾ ਹੈ। ਸਿੱਖ ਵਿਕੇਂਦਰਤ ਕਰਨ ਵਾਲੀਆਂ ਵਿਅਕਤੀ ਵਾਦੀ ਸ਼ਕਤੀਆਂ ਦੇ ਅਸਰ ਅਧੀਨ ਹੈ। ਗੁਰੂ ਉਸ ਨੂੰ ਆਪਣੇ ਵੱਲ ਕੇਂਦਰਤ ਰਖੀ

ਰੱਖਦਾ ਹੈ। ਸਿਮਰਨ ਦੀ ਪ੍ਰੇਰਣਾ ਵਿਅਕਤੀਗਤ ਨਹੀਂ, ਵਿਸ਼ਵ-ਵਿਆਪੀ ਹੈ। ਸਿਮਰਨ ਸਦਾ ਬ੍ਰਹਮਿੰਡੀ ਹੁੰਦਾ ਹੈ। ਗੁਰੂ ਦਾ ਵਿਸ਼ਵ-ਵਿਆਪੀ ਭਾਈਚਾਰਾ, ਅੰਦਰੂਨੀ ਸ਼ਕਤੀਆਂ, ਜੋ ਉਸ ਨੂੰ ਵਿਅਕਤੀਵਾਦ ਵੱਲ ਖਿਚਦੀਆਂ ਹਨ, ਦੀ ਖ਼ੁਦਗ਼ਰਜ਼ੀ ਤੋਂ ਮੁਕਤ ਕਰਾਉਣਾ ਹੈ।

ਭਾਈ ਗੁਰਦਾਸ, ਗੁਰੂ ਤੇ ਵਿਸ਼ਵਾਸ ਦਾ ਪੈਗੰਬਰ, ਲਿਖਦਾ ਹੈ ਕਿ ਉਹ ਗੁਰੂ ਨਾਨਕ ਹੀ ਸੀ ਜਿਸ ਨੇ ਸੱਚੇ ਰੂਹਾਨੀ ਸੰਗ ਦੇ ਸਿੰਘ-ਦੁਆਰ ਦੇ ਯੁੱਗਾਂ ਤੋਂ ਭੀੜੇ ਦਰਾਂ ਨੂੰ ਖੋਲਿਆ ਅਤੇ ਲੋਕਾਂ ਨੂੰ ਨਿਵਣਾ ਸਿਖਾਇਆ- ਪੈਰੀ ਪੌਣਾ ਜਗ ਵਰਤਾਇਆ। ਸਿੱਖਾਂ ਦਾ ਝੁਕਣਾ ਕਿਸੇ ਕਿਸਮ ਦੀ ਦਾਸਤਾ ਦਾ ਚਿੰਨ੍ਹ ਨਹੀਂ, ਸਗੋਂ ਇਹ ਤਾਂ ਮਨੁੱਖ ਆਪੇ ਦਾ ਸਰਬੰਸੀ ਤਿਆਗ ਹੈ। ਭਾਵੇਂ ਇਹ ਆਪਣੇ ਆਪ ਕਿੰਨਾ ਉੱਚਾ ਅਤੇ ਸੁੰਦਰ ਹੋਵੇ, ਗੁਰੂ ਦੇ ਸਾਜੇ ਸਮਾਜ ਤੋਂ। ਇਕ ਸਿਤਾਰਾ ਬ੍ਰਹਿਮੰਡੀ ਏਕੇ ਵਿਚ ਪਰੁੱਚ ਜਾਂਦਾ ਹੈ। ਇਸ ਭਾਈਚਾਰੇ ਦੀ ਹਜ਼ੂਰੀ ਵਿਚ ਨਿੱਜੀ ਵਿਚਾਰਾਂ, ਮੰਨਤਾਂ, ਸਿਧਾਂਤਾਂ ਬਾਦਸ਼ਾਹਾਂ ਅਤੇ ਦਰਵੇਸ਼ਾਂ ਪ੍ਰਤੀ ਵਿਸ਼ੇਸ਼ ਆਸਥਾਵਾਂ, ਮਨੁੱਖਾਂ ਅਤੇ ਪਸ਼ੂਆਂ ਦੀਆਂ ਅੜੀਆਂ ਅਤੇ ਵਿਲੱਖਣ ਸੁਭਾਵਾਂ ਨੂੰ ਤਿਆਗਣਾ ਪਵੇਗਾ, ਜਿਵੇਂ ਕਿ ਨੀਂਦਰ ਦੇ ਗ਼ਾਲਬ ਆਉਣ ਤੇ ਮਨੁੱਖ ਦੇ ਹੱਥ ਅਤੇ ਪੈਰ ਆਪਣੇ ਆਪ ਤਿਆਗੇ ਜਾਂਦੇ ਹਨ। ਜਿੰਨਾਂ ਚਿਰ ਇਹ ਸਹਿਜ ਸੁਭਾ ਅਤੇ ਸੁਖਾਲਾ ਨਹੀਂ, ਇਸ ਦੀ ਉਹ ਬ੍ਰਹਿਮੰਡੀ ਮਹੱਤਤਾ ਨਹੀਂ, ਜਿਵੇਂ ਇਸ ਨੂੰ ਗੁਰੂ ਚਿਤਵਦਾ ਹੈ। ਜਬਰੀ ਜਾਂ ਉਪਦੇਸ਼ ਦੇ ਕੇ ਕਰਵਾਏ ਸਮਰਪਣ ਦਾ ਕੋਈ ਅਰਥ ਨਹੀਂ। ਆਤਮ ਸਮਰਪਣ, ਮੁਕੰਮਲ, ਬਿਨਾਂ ਸ਼ਰਤ, ਸੁਖਦਾਇਕ, ਸਹਿਜ, ਸੁਖਾਲਾ ਅਤੇ ਸਰਲ ਹੋਣਾ ਚਾਹੀਦਾ ਹੈ। ਆਸਥਾ ਧੁਰ ਅੰਦਰਲੇ ਦੀ ਹੈ, ਬੌਧਿਕ ਸਹਿਮਤੀ ਜਾਂ ਆਲੋਚਨਾ ਦੀ ਕੋਈ ਕੀਮਤ ਨਹੀਂ।

ਜਿਨ੍ਹਾਂ ਚਿਰ 'ਉਸ' ਵਲੋਂ ਪਰਵਾਨਗੀ ਨਹੀਂ ਹੋਈ, ਤੁਹਾਡੇ ਲਈ ਇਸ ਭਾਈਚਾਰੇ ਵਿਚ ਕੋਈ ਥਾਂ ਨਹੀਂ। ਭਰਾ ਮਦਦ ਤਾਂ ਕਰਦੇ ਹਨ, ਪਰ ਤੁਹਾਨੂੰ ਇਸ ਵਿਚ ਸ਼ਾਮਲ ਹੋਣ ਲਈ ਜ਼ੋਰ ਨਾਲ ਨਹੀਂ ਕਹਿੰਦੇ। ਉਪਦੇਸ਼ ਵਿਅਰਥ ਹੈ। ਜਿੰਨਾ ਚਿਰ ਤੁਸਾਂ, ਜੀਵਨ ਦੀ ਵਿਸ਼ਾਲਤਾ ਵਿੱਚੋਂ ਆਪਣੀ ਰੂਹ ਦੀ ਦੈਵੀ ਲੋੜ ਬਾਰੇ ਨਹੀਂ ਜਾਣ ਲਿਆ। ਜੇ ਤੁਹਾਡੇ ਅੰਦਰ ਅਸ਼ੋਕ ਵਾਲੀ ਪਿਆਸ ਪੈਦਾ ਹੋ ਜਾਵੇ, ਤਾਂ ਤੁਹਾਡੇ ਭਰਾਵਾਂ ਪਾਸ ਤੁਹਾਡੇ ਲਈ ਅੰਮ੍ਰਿਤ ਦਾ ਜਾਮ ਹੈ। ਉਹ ਉਸ ਨੂੰ ਤੁਹਾਡੀਆਂ ਬੁਲ੍ਹੀਆਂ ਨਾਲ ਛੁਹਾ

ਦੇਣਗੇ। ਸੱਚ ਬੜਾ ਸਪੱਸ਼ਟ ਹੈ। ਪੀਣ ਤੇ ਤੁਰੰਤ ਗਿਆਨ ਹੋ ਜਾਵੇਗਾ। ਇਸ ਵਿਚ ਕੋਈ ਧਰਮ ਬਦਲੀ ਨਹੀਂ, ਸਿਵਾਏ ਭਰਾਵਾਂ ਤੋਂ ਅੰਮ੍ਰਿਤ ਦਾ ਜਾਮ ਪੀ ਲੈਣ ਤੇ ਜੀਵਨ ਦੇ ਬੋਲਦੇ ਅਤੇ ਖਾਮੋਸ਼ ਰੰਗਾ ਦੇ, ਜੋ ਤੁਹਾਡੇ ਅੰਦਰ ਸਿੰਜਰਕੇ, ਜਲ ਥਲ ਕਰ ਦਿੰਦਾ ਹੈ।

ਭਰਾ ਕਿੰਨਾ ਚੰਗਾ ਹੈ! ਜਦੋਂ ਉਹ ਬੋਲਦਾ ਹੈ, ਉਸ ਦੀ ਆਤਮਾ ਵਿਚੋਂ ਜੀਵਨ-ਦਾਇਕ ਸ਼ਹਿਦ ਵਹਿ ਤੁਰਦਾ ਹੈ। ਉਹ ਸਾਦੇ, ਮਿੱਠੇ ਸ਼ਬਦਾਂ ਨਾਲ ਕਈ ਸਦੀਆਂ ਨੂੰ ਰੰਗ ਦਿੰਦਾ ਹੈ। ਆਪਣੇ ਪਿਆਰ ਸਮਰਪਣ ਲਈ ਨਿਸ਼ਚਿਤ ਸ਼ਰਤਾਂ ਨੂੰ ਨਜ਼ਰ ਅੰਦਾਜ਼ ਕਰਕੇ, ਮੇਰਾ ਨਾਂ ਤਕ ਲੈਣ ਤੋਂ ਬਿਨਾਂ ਹੀ ਉਹ ਭਰਾ ਇੰਜ ਸਮਰਪਣ ਕਰ ਦਿੰਦਾ ਹੈ, ਜਿਵੇਂ ਕਿ ਦਰਿਆ ਆਪਣਾ ਆਪਾ ਪਸ਼ੂ-ਪੰਛੀ ਅਤੇ ਮਨੁੱਖਾਂ ਨੂੰ ਵੰਡ ਦਿੰਦਾ ਹੈ।

ਉਸ ਭਰਾ ਨੇ ਲੰਘਦੇ ਹੋਏ ਮੇਰੇ ਵੱਲ ਇਕ ਨਿਗਾਹ ਕੀਤੀ ਅਤੇ ਮੇਰੀਆਂ ਸ਼ਰਮੀਲੀਆਂ ਅੱਖਾਂ ਨੇ ਮੁੰਦ ਰਹੇ ਨੈਣਾਂ ਹੇਠੋਂ ਵੇਖਿਆ, ਉਸ ਨੇ ਨੇਤਰ ਬੰਦ ਕਰ ਲਏ ਸਨ ਅਤੇ ਮੇਰੇ ਲਈ ਅਰਦਾਸ ਕਰ ਰਿਹਾ ਸੀ। ਮੈਨੂੰ ਉਹ ਨਜ਼ਾਰਾ ਕਦੇ ਨਹੀਂ ਭੁਲਦਾ। ਹੁਣ ਮੈਂ ਜਦੋਂ ਵੀ ਕਿਸੇ ਕਸ਼ਟ ਵਿਚ ਹੋਵਾਂ, ਮੈਂ ਅੱਖਾਂ ਬੰਦ ਕਰਦਾ ਹਾਂ ਅਤੇ ਆਪਣੇ ਭਰਾ ਨੂੰ ਉਸੇ ਰੂਪ ਵਿਚ ਆਪਣੇ ਨਾਲ ਖਲੋਤਾ ਵੇਖਦਾ ਹਾਂ ਅਤੇ ਉਸ ਦੇ ਚਾਰੇ ਪਾਸੇ ਚਾਨਣਾ ਹੀ ਚਾਨਣਾ ਪਸਰ ਰਿਹਾ ਹੈ। ਉਹ ਚਾਨਣ ਮੈਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ ਅਤੇ ਮੈਂ ਸੰਸਾਰ ਨੂੰ ਭੁੱਲ ਜਾਂਦਾ ਹਾਂ। ਕੀ ਇਹ 'ਨਾਮ' ਹੈ? ਕੀ ਇਹ ਗੁਰੂ ਨਾਨਕ ਦਾ ਸਿਮਰਨ ਹੈ? ਮੈਂ ਹਰ ਵਾਰ ਆਪਣੇ ਲਈ ਨਵਾਂ ਨਵੇਲਾ ਹੁੰਦਾ ਹਾਂ। ਮੈਂ ਆਪਣੇ ਭਰਾ ਨੂੰ ਚਿਤਵਦਾ ਰਹਿੰਦਾ ਹਾਂ। ਮੇਰੀਆਂ ਅਰਦਾਸਾਂ, ਉਸ ਦੀ ਨਿਸ਼ਕਾਮ ਸੇਵਾ ਦੀ ਯਾਦ ਵਿਚ ਜੀਵਨ ਪ੍ਰਾਪਤ ਕਰਦੀਆਂ ਹਨ।

ਨਹੀਂ, ਨਹੀਂ। ਉਹ ਤਾਂ ਬੁਤ ਘਾੜਾ ਹੈ। ਮੈਂ ਵੇਖਦਾ ਹਾਂ ਕਿ ਉਸ ਦਾ ਗੀਤ ਮੈਨੂੰ ਗੁਰੂ ਨਾਨਕ ਦੀ ਮੂਰਤੀ ਵਿਚ ਘੜ ਅਤੇ ਮੁੜ ਘੜ ਰਿਹਾ ਹੈ। ਪੱਥਰ ਕੀ ਕਹਿ ਸਕਦਾ ਹੈ, ਮਿੱਟੀ ਵਿਚਾਰੀ ਕੀ ਕਹਿ ਸਕਦੀ ਹੈ, ਜਦੋਂ ਕਿ ਭਰਾ ਉਸ ਨੂੰ ਹੁਸਨ ਦਾ ਰੂਪ ਦੇ ਰਿਹਾ ਹੈ? ਇਹ ਸੰਗਤ ਵਿਚ ਸ਼ਾਮਲ ਹੋਣ ਦੀ ਬਾਤ ਹੈ। ਗੁਰੂ ਪੈਦਾ ਕਰਦਾ ਹੈ। ਇਸ ਸੰਗਤ ਨੂੰ ਜਨਮ ਦੇਣ ਅਤੇ ਇਸ ਸੰਗਤ ਵਿਚ ਸ਼ਾਮਲ ਹੋਣ ਵਿਚੋਂ ਹੀ ਜੀਵਨ

 www.sikhbookclub.com

ਖੇੜੇ ਵਿਚ ਆਕੇ ਸਹਿਜ, ਅਸੀਮ ਸੇਵਾ ਦੇ ਵਿਸ਼ਵ-ਵਿਆਪੀ ਜੀਵਨ ਦਾ ਰੂਪ ਧਾਰ ਲੈਂਦਾ ਹੈ। ਇਸ ਦੀ ਡੋਡੀ ਤੇ ਖਿੜਣ ਵਾਲਾ ਫੁੱਲ ਸਾਰੇ ਬ੍ਰਹਿਮੰਡ ਨੂੰ ਸੁਗੰਧਿਤ ਕਰ ਦਿੰਦਾ ਹੈ। ਜਲ ਰਿਹਾ ਸੂਰਜ ਸਾਰੇ ਸੰਸਾਰ ਨੂੰ ਰੋਸ਼ਨ ਕਰ ਦਿੰਦਾ ਹੈ। ਆਪੇ ਵਿਚ ਦਾਖ਼ਲ ਹੋਇਆ ਮਨੁੱਖ ਆਪਣੇ ਆਪ ਨੂੰ ਗੁਰੂ ਦੀ ਸੇਵਾ ਵਿਚ ਮਜਜ਼ੂਬ ਕਰ ਦਿੰਦਾ ਹੈ। ਮੈਂ ਜ਼ਖਮੀਆਂ ਵਿਚੋਂ ਤੈਨੂੰ ਹੀ ਦੇਖਦਾ ਹਾਂ। ਤੇਰੇ ਹੀ ਪਿਆਰ ਦਾ ਬੱਧਾ, ਮੈਂ ਖਿੱਚਿਆ ਚਲਾ ਜਾਂਦਾ ਹਾਂ ਅਤੇ ਜ਼ਖਮੀਆਂ ਨੂੰ ਪਾਣੀ ਪਿਆਉਂਦਾ ਹਾਂ। ਮੈਨੂੰ ਬੀਮਾਰਾਂ ਦੀ ਦੇਖਭਾਲ ਕਰਨ ਦੇ, ਕਿਉਂਕਿ ਉਹ ਆਪ ਹੀ ਤਾਂ ਹੈ ਜੋ ਮੰਜੇ ਤੇ ਪਿਆ ਬੁੜ-ਬੁੜਾਉਂਦਾ ਹੈ, ਬਿਲਕੁਲ ਤੇਰੇ ਵਾਂਗ ਹੀ, ਉਹ ਪਿਆਰ। ਆਪਣੇ ਭਾਣੇ ਅਤੇ ਪਿਆਰ ਵਿਚ ਮੈਨੂੰ ਮਰ ਜਾਣ ਦੇ, ਕਿਉਂਕਿ ਮੇਰੀ ਮੌਤ ਇਕ ਸ਼ਬਦ ਨਾਲ ਹੀ ਸਾਰੀ ਮਨੁੱਖਤਾ ਦੀ ਪੀੜਾ ਹਰ ਲਵੇਗੀ। ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਂ ਕਿਸੇ ਵੀ ਹੋਰ ਦੀ ਕੀ ਸੇਵਾ ਕਰ ਸਕਦਾ ਹਾਂ? ਇਸ ਤਰ੍ਹਾਂ ਨਿਰਬਲਤਾ ਦੇ ਦੁੱਖ ਨਾਲ, ਮੇਰੇ ਨੇਤਰਾਂ ਵਿਚ ਅਥਰੂ ਹਨ, ਸਾਰਿਆਂ ਲਈ ਇਕ ਮਿੱਠਾ ਬੋਲ, ਇਕ ਮਿਹਰ ਭਰੀ ਨਜ਼ਰ ਅਤੇ ਸਭ ਵਿਚੋਂ ਨਿਕਲਦੇ ਪਿਆਰ ਦੀ ਮਿਠਾਸ। ਮੇਰਾ ਪਿਆਰ ਤੇਰੀ ਸੇਵਾ ਹੈ। ਜਦੋਂ ਤੂੰ ਮੇਰੇ ਅੰਦਰ ਰੂਹ ਫੂਕੀ ਹੈ, ਮੈਂ ਸੇਵਾ ਕਰਦਾ ਹਾਂ ਜਦੋਂ ਵਾਪਸ ਲੈ ਲਵੇਂਗਾ, ਮੈਂ ਮਰ ਜਾਵਾਂਗਾ। ਪਰ ਕੋਈ ਇਹ ਨਾ ਕਹੇ ਕਿ ਮੇਰੇ ਪਾਸ ਉਸ ਲਈ ਕੋਈ ਮਾਫ਼ੀ ਨਹੀਂ, ਜਾਂ ਮੈਂ ਕੌੜਾ ਸਾਂ। ਜੇ ਮੇਰਾ ਇੱਕ ਹੰਝੂ, ਗੁਲਾਬ ਦੇ ਫੁੱਲ ਦੀ ਅੱਗ ਠੰਡੀ ਕਰ ਸਕਦਾ ਹੈ ਤਾਂ ਮੈਂ ਰੋ ਪਵਾਂਗਾ। ਜੇ ਇਕ ਫੁਹਾਰ ਗਰਮੀ ਘਟਾ ਸਕਦੀ ਹੈ ਤਾਂ ਮੈਂ ਗੁਰੂ ਦੇ ਹੁਕਮ ਵਿਚ ਮੀਂਹ ਵਾਂਗ ਵੱਸ ਪਵਾਂਗਾ। ਮੈਂ ਇਕ ਠੰਡੀ ਹਵਾ ਦੇ ਝੌਂਕੇ ਵਾਂਗ ਲੰਘ ਜਾਵਾਂਗਾ। ਜਿਵੇਂ ਪੌਣ, ਪਾਣੀ, ਅਗਨੀ ਅਤੇ ਪ੍ਰਕਾਸ਼ ਉਸ ਦੇ ਜੀਆਂ ਦੀ ਸੇਵਾ ਕਰਦੇ ਹਨ, ਮੈਂ ਉਸ ਦਾ ਖਿੱਚਿਆ ਸੇਵਾ ਕਰਦਾ ਹਾਂ। ਉਸ ਦੀ ਸੇਵਾ ਮੇਰੀ ਸਵੈ-ਇੱਛਾ ਤੇ ਨਹੀਂ ਸਗੋਂ ਉਸ ਦੀ ਰਜ਼ਾ ਵਿਚ ਹੈ। ਮਾਂ ਬੱਚੇ ਦੀ ਸੇਵਾ ਕਰਦੀ ਹੈ, ਪਰ ਬੱਚਾ ਵੀ ਜਦੋਂ ਉਸ ਦਾ ਦਾਮਨ ਪਕੜਦਾ ਹੈ, ਮਾਂ ਦੀ ਸੇਵਾ ਕਰ ਰਿਹਾ ਹੁੰਦਾ ਹੈ। ਇਸ ਦੁੱਖਾਂ ਭਰੇ ਸੰਸਾਰ ਵਿਚ ਗੁਰੂ ਵਿਚ ਖੁਸ਼ ਰਹਿਣਾ ਉਸ ਜੀਵਨ-ਦਾਤੀ ਖ਼ੁਸ਼ੀ ਅਤੇ ਗ਼ਮ ਦੇ ਇਕਾ-ਦੁਕਾ ਜਾਮ ਨੂੰ ਵੰਡਣ ਦੇ ਯੋਗ ਹੋਣਾ, ਸਭ ਤੋਂ ਵੱਡੀ ਕੁਰਬਾਨੀ ਅਤੇ ਸਭ ਤੋਂ ਉੱਤਮ ਸੇਵਾ ਹੈ। "ਉਸ ਦਾ ਨਾਮ ਜਪਣਾ"

"ਉਸ ਨੂੰ ਪਿਆਰ ਕਰਨਾ" ਸੇਵਾ ਹੈ। ਹਰੇਕ ਹਮਦਰਦੀ ਭਰੇ ਦਿਲ ਵਾਲਾ ਉਸ ਦਾ ਸੇਵਕ ਹੈ। ਭਰਾ ਮੌਸਮੀ ਮਾਰ ਹੇਠ ਆਏ ਨੂੰ ਛੋਹ ਕੇ ਠੰਡ ਪਾ ਦਿੰਦਾ ਹੈ। ਉਹ ਰੋਟੀ ਦਾ ਇਕ ਟੁਕੜਾ, ਇਕ ਮੁਸਕਾਨ, ਇਕ ਅਥਰੂ ਦਿੰਦੇ ਹੋਏ ਹਰ ਅਮੀਰ ਗ਼ਰੀਬ ਨੂੰ ਹਰ ਲੈਂਦਾ ਹੈ।

ਜੀਵਨ ਚੋਂ ਜੀਵਨ ਜਨਮਦਾ ਹੈ। ਭਰਾ ਵੱਲੋਂ ਮਿਲੀ ਪਿਆਰ ਦੀ ਅਦੁੱਤੀ ਝਾਤ ਤੇ ਉਹ ਭੁਲ ਜਾਂਦਾ ਹੈ, ਕਿ ਉਹ ਤਾਂ ਕੌੜ੍ਹੀ ਹੈ। ਉਹ ਨੱਚ ਉਠਦਾ ਹੈ ਅਤੇ ਅਰਦਾਸ ਕਰਦਾ ਹੈ। ਸਰੀਰ ਢਹਿ ਪੈਂਦਾ ਹੈ, ਪਰ ਰੂਹ ਆਪਣੇ ਸੁੰਦਰ ਖੰਭਾਂ ਤੇ ਉਡਦੀ ਅਸੀਮ ਵਿਚ ਜਾ ਰਲਦੀ ਹੈ। ਇਕ ਆਦਮੀ ਆਇਆ ਜੋ ਬਹੁਤ ਵਿਦਵਾਨ ਸੀ। ਉਸ ਨੇ ਪੁਸਤਕਾਂ ਪੜ੍ਹੀਆਂ ਸਨ, ਜਗਰਾਤੇ ਕੱਟੇ ਸਨ, ਉਹ ਯੋਗੀਆਂ ਵਾਂਗ ਆਪਣੇ ਅੰਦਰਲੇ ਦੀਆਂ ਗੁਫ਼ਾਵਾਂ ਵਿਚੋਂ ਲੰਘਿਆ ਹੋਇਆ ਸੀ। ਉਹਨੇ ਉਨ੍ਹਾਂ ਗੁਫ਼ਾਵਾਂ ਵਿਚਲੀ ਧੁੰਨੀ ਸੁਣੀ ਸੀ ਅਤੇ ਉਹ ਸਮਝਦਾ ਸੀ ਕਿ ਉਹ ਬਹੁਤ ਵੱਡਾ ਹੈ ਪਰ ਜਦੋਂ ਉਹ ਆਇਆ ਅਤੇ ਉਸ ਨੇ ਭਰਾ ਨੂੰ ਵੇਖਿਆ ਜੋ ਬੱਚਿਆਂ ਨਾਲ ਖੇਡ ਰਿਹਾ ਸੀ, ਜਵਾਨ ਕੁੜੀਆਂ ਨਾਲ ਗੱਲਾਂ ਕਰ ਰਿਹਾ ਸੀ, ਜੋ ਕੰਵਲ ਵਾਂਗ ਖਿੜਿਆ ਹੋਇਆ ਸੀ ਅਤੇ ਉਤਾਂਹ ਤਕ ਕੇ ਸਾਰੇ ਸਵਰਗ ਨੂੰ ਆਪਣੇ ਹਿਰਦੇ ਤੇ ਉਤਾਰ ਰਿਹਾ ਸੀ। ਜਦੋਂ ਉਸ ਭਰਾ ਦੀ ਸਹਿਜ ਅਤੇ ਸੁਗਮ ਭਗਤੀ ਅਰਥਾਤ ਸਿਮਰਨ ਰੱਤੇ ਦੀ ਭਰਪੂਰ ਖ਼ੁਸ਼ੀ ਨੂੰ ਵੇਖਿਆ, ਉਸ ਨੂੰ ਇਕ ਨਜ਼ਰ ਵਿਚ ਇਹ ਅਨੁਭਵ ਹੋਇਆ ਕਿ ਉਹ ਸਾਰੀ ਜ਼ਿੰਦਗੀ ਭਰ ਕਿੰਨਾ ਨੀਚ ਅਤੇ ਛੋਟਾ ਸੀ। ਉਸ ਦੀ ਇੰਨੀ ਵਡਿਆਈ ਅਤੇ ਵਿਦਵਤਾ ਦੇ ਬਾਵਜੂਦ ਉਸ ਨੂੰ ਨਿਰੋਲ ਸੱਚ ਦਾ ਇਹਸਾਸ ਹੋਇਆ। ਉਹ ਭਰਾ ਦੇ ਚਰਨਾਂ ਤੇ ਡਿਗ ਪਿਆ। ਭਰਾ ਨੇ ਉਸ ਨੂੰ ਕੁਝ ਨਹੀਂ ਕਿਹਾ, ਜਿਵੇਂ ਕਿ ਉੱਚੀਆਂ ਬਰਫ਼ਾਨੀ ਟੀਸੀਆਂ ਦੇ ਯਾਤਰੀ ਨੂੰ ਪਹਾੜੀ ਵਾਦੀ ਦੇ ਚਰਨ ਚੁੰਮਦਿਆਂ ਵੇਖ ਪਰਬਤ ਉਸ ਨੂੰ ਕੁਝ ਨਹੀਂ ਕਹਿੰਦਾ। ਸਾਰੇ ਜੀਵਨ ਦੀ ਵਡਿਆਈ 'ਨਾਮ' ਵਿਚ ਹੈ। ਸਾਰਾ ਸੰਸਾਰ 'ਨਾਮ' ਦੇ ਆਸਰੇ ਹੈ। ਸਾਰੀਆਂ ਇੰਦਰੀਆਂ ਨਾਲ ਉਸ ਦਾ ਨਾਮ ਜਪਣਾ ਹਰ ਜੰਗਲੋਂ ਮੁਕਤ ਪਿਆਰਾ ਹੈ। ਇਹ ਪਿਆਰ ਆਕਸਮਕ, ਸਰਲ ਅਤੇ ਅਜਿਹਾ ਵਿਸ਼ਵ-ਵਿਆਪੀ ਕਾਰਜ ਹੈ, ਜਿਵੇਂ ਤਾਰਾਕ ਮੰਡਲ ਵਿਚੋਂ ਸੂਰਜ ਜਨਮਦਾ ਹੈ। ਅਤੇ ਇਸ ਵਿਚ ਨਵ-ਜਨਮੇ ਬੱਚਿਆਂ ਵਾਲੀ ਬੇਖ਼ੁਦੀ ਹੈ। ਉਸ ਦੇ ਭਰੋਸੇ ਵਿਚ ਬੱਚਿਆਂ ਵਾਂਗ ਵਿਚਰਨਾ ਸਾਰੀ

ਨੇਕੀ ਦਾ ਨਚੋੜ ਹੈ। ਇਕ ਵਿਧਵਾ, ਜਿਸਦਾ ਪਤੀ ਉਸ ਨੂੰ ਪਿਛੇ ਜਿਹੇ ਸਦੀਵੀ ਵਿਛੋੜਾ ਦੇ ਗਿਆ ਹੈ, ਆਈ ਅਤੇ ਉਸ ਨੇ ਮੈਨੂੰ, ਤੈਨੂੰ ਅਤੇ ਉਸ ਨੂੰ ਪੁਛਿਆ। ਉਹ ਕਿਥੇ ਹੈ? ਕੀ ਇਹ ਜ਼ਾਲਮ ਵਿਛੋੜਾ ਹੀ ਜੀਵਨ ਹੈ? ਅਸਾਂ ਉਸ ਨੂੰ ਖਾਣਾ ਦਿੱਤਾ, ਇਸ ਨੇ ਉਸ ਨੂੰ ਹੋਰ ਮਾਨਸਿਕ ਪੀੜਾ ਦਿੱਤੀ। ਅਸਾਂ ਉਸ ਨੂੰ ਅਗਲੀ ਦੁਨੀਆਂ ਸੰਬੰਧੀ, ਰੱਬ ਅਤੇ ਮਨੁੱਖ ਸੰਬੰਧੀ ਉਪਦੇਸ਼ ਦਿੱਤਾ, ਪਰ ਉਸ ਦਾ ਦੁਖੀ ਮਨ ਉਸੇ ਤਰ੍ਹਾਂ ਹੀ ਰਿਹਾ। ਅਸਾਂ ਉਸ ਨਾਲ ਮਹਾਨ ਉਪਦੇਸ਼ਕਾਂ, ਭੱਦਰ ਪੁਰਸ਼ਾਂ ਵਾਂਗ ਅਤੇ ਇਧਰ ਉਧਰ ਦੀਆਂ ਗੱਲਾਂ ਕੀਤੀਆਂ ਪਰ ਉਸ ਦੀਆਂ ਸਜਲ ਅੱਖਾਂ ਵਿਚੋਂ ਹੰਝੂ ਨਿਰੰਤਰ ਚਲਦੇ ਉਸ ਦੇ ਚੋਲੀ ਦਾਮਨ ਨੂੰ ਭਿਉਂਦੇ ਰਹੇ। ਉਸਨੇ ਇਕ ਧਰਮ ਤੋਂ ਬਾਅਦ ਦੂਜੇ ਦੀ ਓਟ ਲਈ ਅਤੇ ਵਾਰੀ ਵਾਰੀ ਹਿੰਦੂ, ਮੁਸਲਿਮ, ਸਿੱਖ ਅਤੇ ਇਸਾਈ ਬਣੀ, ਪਰ ਉਸਦੇ ਮਨ ਨੂੰ ਸ਼ਾਂਤੀ ਕਿੱਥੇ। ਮਨੁੱਖ ਨੇ ਮੁੜ ਉਸ ਨੂੰ ਸਰੀਰਕ ਪਿਆਰ ਦੀ ਪੇਸ਼ਕਸ਼ ਕੀਤੀ ਪਰ ਇਸ ਨਾਲ ਉਹ ਹੋਰ ਵੀ ਪੀੜਤ ਹੋ ਉਠੀ। ਕੀ ਉਸਦਾ ਪਤੀ ਹੀ ਉਸ ਲਈ ਪਿਆਰ ਦਾ ਦੇਵਤਾ ਸੀ? ਕੀ ਉਸ ਦੀ ਮ੍ਰਿਤੂ ਉਸ ਵਾਂਗ ਸਾਰੀ ਮਨੁੱਖਤਾ ਲਈ ਦੁਖਦਾਇਕ ਨਹੀਂ ਸੀ? ਉਹ ਕਿਉਂ ਉਸ ਨੂੰ ਪਿਆਰ ਦੇ ਭੌਤਿਕ ਦੁੱਖਾਂ ਦੀ ਭੇਂਟ ਕਰਦੇ ਹਨ, ਜੋ ਉਸਦੇ ਦਿਲ ਜਾਨੀ ਨੇ ਦਿੱਤੇ ਹਨ? ਕੀ ਉਨ੍ਹਾਂ ਨੂੰ ਇਹ ਇਹਸਾਸ ਨਹੀਂ ਸੀ ਕਿ ਉਸ ਦੇ ਵਿਛੋੜੇ ਦਾ ਦੁੱਖ ਪਹਿਲਾਂ ਹੀ ਅਸੀਮ ਸੀ? ਉਸ ਨੂੰ ਘਰਵਾਸ ਦੇ ਸਕਦਾ ਸੀ? ਉਹ ਇਕ ਕਥਿਤ ਧਰਮ ਦੇ ਬੇਰਹਿਮ ਦਰਸ਼ਨ ਤੋਂ ਦਾਰਸ਼ਨਿਕ ਤੌਰ ਤੇ ਉਦਾਸੀ ਸੀ।

ਭਰਾ ਉਸ ਨੂੰ ਵਲੂੰਦਰਿਆ, ਝਰੀਟਿਆ, ਜ਼ਖ਼ਮੀ, ਸੁੰਨਾ ਅਤੇ ਮੁਰਦਾ ਵੇਖਦਾ ਹੈ। ਉਹ ਦੁਨਿਆਵੀ ਸਿਆਣਪ ਤੋਂ ਪੂਰੀ ਤਰ੍ਹਾਂ ਉਪਰਾਮ ਸੀ ਕਿ ਉਸ ਦਾ ਹੰਕਾਰ, ਧਰਮ ਤੇ ਬੜੇ ਭੈੜੇ ਤਰੀਕੇ ਨਾਲ ਹਾਵੀ ਸੀ। ਰੱਬ ਦੀ ਸਤਾਈ ਰੱਬ ਅੱਗੇ ਪੁਕਾਰ ਕਰ ਰਹੀ ਸੀ। ਇਹ ਸੰਸਾਰ ਉਡਦੀਆਂ ਘੁੱਗੀਆਂ ਲਈ ਬੰਦੂਕਾਂ ਸਿੱਧੀਆਂ ਕੀਤੇ ਸ਼ਿਕਾਰੀਆਂ ਨਾਲ ਭਰਿਆ ਪਿਆ ਸੀ। ਗੁਲਾਬ ਤੋਂ ਵਿਛੋੜੀ ਬੁਲਬੁਲ ਦੀ ਦਰਦੀਲੀ ਪੁਕਾਰ ਸੁਣਨੀ ਔਖੀ ਸੀ। ਭਰਾ ਨੇ ਉਸ ਨੂੰ ਪਿਆਰ ਦਿੱਤਾ। ਇਹ ਸਵਰਗਵਾਸ ਹੋ ਚੁੱਕੇ ਜਵਾਨ ਵਾਲਾ ਪਿਆਰ ਨਹੀਂ ਸੀ, ਇਹ ਉਸ ਨੂੰ ਜਨਮ ਦੇਣ ਵਾਲੇ ਮਾਪਿਆਂ ਦਾ ਪਿਆਰ ਵੀ ਨਹੀਂ ਸੀ, ਇਹ ਉਸ ਉਪਦੇਸ਼ਕ ਦਾ ਪਿਆਰ ਵੀ ਨਹੀਂ

 www.sikhbookclub.com

ਸੀ ਜੋ ਉਸ ਨੂੰ ਕਿਸੇ ਵਿਸ਼ੇਸ਼ ਦੇਵਤੇ ਅੱਗੇ ਸੀਸ ਨਿਵਾਉਣ ਲਈ ਪ੍ਰੇਰਦਾ ਸੀ। ਇਹ ਮਨੁੱਖ ਦਾ ਪਿਆਰ ਨਹੀਂ ਸੀ, ਇਹ ਤਾਂ ਵਿਸ਼ਵ-ਆਤਮਾ ਦਾ ਹੀ ਪਿਆਰ ਸੀ। ਉਸ ਨੇ ਅਨੁਭਵ ਕੀਤਾ ਕਿ ਗੁਲਾਬਾਂ ਦਾ ਕਾਫ਼ਲਾ ਉਸ ਨੂੰ ਛੋਹਣ ਲਈ ਆਇਆ ਹੈ। ਤਾਰਿਆਂ ਨੇ ਅਸੀਸ ਦੇਣ ਅਤੇ ਉਸ ਨੂੰ ਪਾਲਕੀ ਵਿਚ ਦੇਵ ਲੋਕ ਨੂੰ ਲਿਜਾਣ ਲਈ ਆਪਣੇ ਹੱਥ ਵਧਾ ਲਏ। ਉਸ ਨੇ ਵਗਦੇ ਦਰਿਆ ਨੂੰ ਰਹਿਮ ਭਰਿਆ ਬਣਿਆ ਵੇਖਿਆ। ਪੰਛੀ ਉਸ ਦੀਆਂ ਅੱਖਾਂ ਵਿਚ ਝਾਕਣ ਲੱਗੇ ਅਤੇ ਭਾਵੇਂ ਉਹ ਮਨੁੱਖੀ ਸੰਪਰਕ ਤੋਂ ਦੂਰ ਚਲੀ ਗਈ, ਉਸ ਨੂੰ ਫ਼ਰਿਸ਼ਤਿਆਂ ਅਤੇ ਦੇਵਤਿਆਂ ਦੇ ਸੁਪਨੇ ਆਉਂਦੇ ਰਹੇ ਅਤੇ ਹੌਲੀ ਹੌਲੀ ਉਸ ਦੀ ਆਤਮਾ ਨੂੰ ਸੁੱਖ ਮਿਲਦਾ ਰਿਹਾ ਅਤੇ ਭਰਮ ਭੁਲੇਖਾ ਦੂਰ ਹੋ ਗਿਆ। ਉਸ ਦਿਨ ਤੋਂ ਉਹ ਸਿਮਰਣ ਦੀ ਸੰਤ ਸੀ। ਉਹ ਉਸ ਰਥ ਤੇ ਸਵਾਰ ਸੀ, ਜੋ ਉਸ ਨੂੰ ਨਵੇਂ ਅਣਡਿਠੇ ਜੀਵਨ ਦੇ ਪਹੁ-ਫੁਟਾਲੇ ਵਿਚੋਂ ਪਾਰ ਲਿਜਾ ਰਿਹਾ ਸੀ। ਉਹ ਬੰਬੀਹੇ ਵਾਂਗ ਪ੍ਰਿਉ ਪ੍ਰਿਉ ਕਰ ਰਹੀ ਸੀ। ਉਹ ਵਿਧਵਾ, ਨਾਮ ਜਪਣ ਅਤੇ ਹੋਰ ਕਿਸੇ ਪਾਸੇ ਨਹੀਂ ਸੀ? ਉਹ ਕੀ ਸੀ, ਜਿਸ ਦੀ ਹੋਂਦ ਦੂਜਿਆਂ ਦੇ ਸ਼ਬਦਾਂ ਅਤੇ ਹਰ ਸ਼ੈਲਫ਼ ਵਿਚ ਪਈਆਂ ਪੁਸਤਕਾਂ ਦੇ ਸ਼ਬਦਾਂ ਨਾਲੋਂ ਭਰਾ ਦੇ ਇਸ ਸ਼ਬਦ ਵਿਚ ਜੀਅਦਾਨ ਦਿੰਦੀ ਸ਼ਕਤੀ ਭਰਦੀ ਸੀ।

"ਮੈਨੂੰ ਲਭ ਅਤੇ ਸਵਰਗ ਵੱਲ ਆਪਣੀ ਪਿਠ ਕਰ ਲੈ"

ਗ਼ਮ ਦਾ ਹਨੇਰਾ ਤੂਫ਼ਾਨ ਵਾਂਗ ਆਉਂਦਾ ਹੈ ਅਤੇ ਮੈਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। ਕੁਝ ਨਹੀਂ ਕਰ ਸਕਦਾ, ਮੈਂ ਆਪਣੇ ਦਰ ਭੀੜਦਾ ਹਾਂ ਅਤੇ ਦਰਗਾਹੇ ਦੀਵਾ ਬਾਲ ਬਹਿੰਦਾ ਹਾਂ ਅਤੇ ਗ਼ਮ ਦੇ ਹਨੇਰੇ ਵਿਚੋਂ ਮਹਿਬੂਬ ਦੇ ਅਚਾਨਕ ਆ ਜਾਣ ਦਾ ਪਥ ਨਿਹਾਰਦਾ ਹਾਂ। ਜਿਸ ਨੂੰ ਉਹ ਹਕੀਕ ਅਤੇ ਸੱਚ ਸਮਝਦੇ ਹਨ, ਉਹ ਅਸਲੀ ਨਹੀਂ। ਅਤੇ ਜੋ ਅਸਲੀਅਤ ਨਹੀਂ ਉਸ ਤੇ ਹਕੀਕਤ ਦਾ ਚਿੰਨ੍ਹਾਤਮਕ ਰੰਗ ਚੜ੍ਹਿਆ ਹੋਇਆ ਹੈ। ਵਸ਼ਿਸ਼ਟ ਜੀ ਨੇ ਠੀਕ ਹੀ ਕਿਹਾ ਸੀ "ਐ ਰਾਮ ਚੰਦਰ! ਇਹ ਨੀਚ ਸੰਸਾਰ ਤੇਰੇ ਇੰਦਰਿਆਂ ਦਾ ਭਰਮ ਹੀ ਹੈ। ਤਿੰਨ ਯੁਗਾਂ ਦਾ ਹੀ ਨਹੀਂ, ਇਹ ਸੀ, ਹੈ, ਅਤੇ ਰਹੇਗਾ।"

ਸਾਡੇ ਗਜ਼ ਅਤੇ ਇੰਚ, ਜਿਨ੍ਹਾਂ ਨਾਲ ਅਸੀਂ ਚੀਜ਼, ਮਹਾਨਤਾ, ਨੈਤਿਕਤਾ ਅਤੇ ਜੀਵਨ ਨੂੰ ਮਾਪਦੇ ਹਾਂ, ਗ਼ਲਤ ਹੋ ਗਏ ਹਨ। ਸਾਨੂੰ ਆਪਣੇ ਮਿਆਰ ਬਦਲਣੇ ਪੈਣੇ ਹਨ।

ਹਿਸਾਬ, ਦੋ ਜਮਾਂ ਦੋ ਚਾਰ ਬਣਦੇ ਹਨ। ਅਜਿਹੀ ਸੰਦੇਹ ਜਨਕ ਗੱਲ ਕਿਵੇਂ ਸੱਚ ਹੋ ਸਕਦੀ ਹੈ? ਮੇਰੇ ਹਿਸਾਬ ਵਿਚ ਦੋ ਜਮਾਂ ਦੋ ਪੰਜ ਜਾਂ ਦਸ ਜਾਂ ਲੱਖਾਂ ਹੁੰਦੇ ਹਨ!! ਅਜਿਹੀ ਚੀਜ਼ ਸੱਚਾਈ ਦੇ ਨੇੜੇ ਨਹੀਂ ਹੋ ਸਕਦੀ। ਦੂਜੇ ਪਾਸੇ, ਬੀਕਾਨੇਰ ਦੀ, ਮਨਕਿਆਂ ਵਰਗੀਆਂ ਕਾਲੀਆਂ ਅੱਖਾਂ ਨਾਲ ਆਪਣੇ ਵਿਛੜ ਰਹੇ ਦਿਲਜਾਨੀ ਵੱਲੋਂ ਉਦਾਸ ਹੋਈ ਵੇਖ ਰਹੀ ਇਕ ਭਿਖਾਰਨ, ਇਕ ਸੱਚਾਈ ਹੈ। ਇਹ ਮੇਰੇ ਦਿਲ ਦੀਆਂ ਤਾਰਾਂ ਨੂੰ ਛੋਂਹਦੀ ਹੈ ਅਤੇ ਉਚਿਆਂਦੀ ਹੈ, ਜੋ ਅਲਜਬਰੇ ਦੀ ਕੋਈ ਪੁਸਤਕ ਵੀ ਨਹੀਂ ਕਰ ਸਕਦੀ। ਰੱਬ ਕੋਈ ਫ਼ਾਰਮੂਲਾ ਨਹੀਂ। ਬੱਚਿਆਂ ਨਾਲ ਘੇਰੀ ਪਈ ਗਰੀਬ ਮਾਂ, ਜਿਸ ਦੀਆਂ ਅੱਖਾਂ ਵਿਚੋਂ ਨਿਰੰਤਰ ਹੰਝੂ ਵਗ ਰਹੇ ਹਨ ਅਤੇ ਬੱਚਿਆਂ ਦੀਆਂ ਅੱਖਾਂ ਵਿਚੋਂ ਛਲਕ ਰਹੇ ਮੋਤੀਆਂ ਵਰਗੇ ਛੋਟੇ ਛੋਟੇ ਅਥਰੂ, ਇਹ ਅਥਰੂ ਅਤੇ ਉਹ ਮਣਕੇ ਹਕੀਕਤ ਹਨ। ਉਨ੍ਹਾਂ ਦਾ ਭੁਖ ਅਤੇ ਦੁਖਾਂਤ ਰੰਗ ਬਦਲਦੀ ਜ਼ਿੰਦਗੀ ਦੇ ਬਦਲਦੇ ਪਰਛਾਵਿਆਂ ਦਾ ਖਿਲਵਾੜ ਹੈ। ਉਥੇ ਪ੍ਰਕਾਸ਼ ਕੇਂਦਰ ਮਾਂ, ਇਕ ਰੱਬ ਹੈ। ਅਤੇ ਬੱਚੇ ਬਹਿਸ਼ਤ ਦੇ ਬਾਗ਼ ਦੇ ਦੇਵਦੂਤ ਹਨ। ਮਨੁੱਖ ਖੇੜੇ ਤੇ ਹੈ। ਤ੍ਰੇਲ ਤੁਪਕੇ ਨਵੇਂ ਖਿੜੇ ਗੁਲਾਬ ਤੇ ਪਏ ਕੰਬ ਰਹੇ ਹਨ।

ਮੈਨੂੰ ਸਰੀਰ ਲਈ ਖੁਰਾਕ ਨਹੀਂ ਮਿਲੀ, ਅਤੇ ਨਾ ਹੀ ਕਪੜੇ, ਸਗੋਂ ਇਕ ਪ੍ਰਕਾਰ ਦਾ ਅਦਿਖ ਚੋਗਾ। ਅਤੇ ਮੈਂ ਵਿਸਮਾਦ ਵਿਚ ਆ ਗਿਆ। ਬੂਰ ਨਾਲ ਲੱਦਿਆ ਅੰਬੀ ਦਾ ਬੂਟਾ ਇਸ ਤਰ੍ਹਾਂ ਮੇਰੇ ਤੇ ਮੁਸਕਰਾਇਆ, ਜਿਵੇਂ ਕਿ ਕਦੇ ਕਿਸੇ ਹੁਸੀਨ ਸ਼ਹਿਜ਼ਾਦੀ ਨੇ ਆਪਣੇ ਦਿਲ-ਜਾਨੀ ਵੱਲ ਤਿਰਛੀ ਨਿਗਾਹ ਸੁਟੀ ਹੋਵੇ। ਅਤੇ ਮੈਂ ਹਸਦਾ ਹਾਂ ਅਤੇ ਮੇਰਾ ਹਾਸਾ ਪਹੁਫੁਟਾਲੇ ਦੇ ਮਲ੍ਹਾਰ ਨਾਲ ਧਰਤੀ ਨੂੰ ਰੰਗ ਦਿੰਦਾ ਹੈ।

ਮੈਂ ਉਸ ਦਾ, ਹਰੀ ਦਾ ਮੁਤਬਰਕ ਮੰਦਰ ਹਾਂ। ਅੰਦਰਲੇ ਖੰਡਾਂ ਦਾ ਬੂਹਾ ਪਿਆਰ ਦੀ ਪਵਿੱਤਰ ਧੁਨੀ ਨਾਲ ਖੁਲ ਜਾਂਦਾ ਹੈ। ਮੈਨੂੰ ਬੁਲਾ ਅਤੇ ਅੰਦਰ ਆ ਵੜ। ਪਰ ਜੇ ਤੂੰ ਪਿਆਰ ਦੇ ਮੰਦਰ ਨੂੰ ਅਪਵਿੱਤਰ ਕਰਨ ਵਾਲਿਆਂ ਵਿਚੋਂ ਹੈ ਤਾਂ ਮੈਂ ਆਪਣੇ ਦਰ ਭੀੜ ਲੈਂਦਾ ਹਾਂ ਅਤੇ ਉਸ ਦੀ

 www.sikhbookclub.com

ਯਾਦ ਦੀ ਅੰਦਰੂਨੀ ਚਮਕ ਦੇ ਝਲਕਾਰੇ ਵਿਚ ਦਫ਼ਨ ਹੋ ਜਾਂਦਾ ਹਾਂ।

ਮੁੜ ਮੁੜ ਉਸ ਦਾ ਨਾਂ ਲਈ ਜਾਣ ਦਾ ਕੀ ਲਾਭ ਹੈ? ਇਹ ਇਕ ਮਸ਼ੀਨੀ ਜਿਹਾ ਥਕਾ ਦੇਣ ਵਾਲਾ ਕਾਰਜ ਹੈ। ਕਿਸੇ ਚਿੰਤਾ ਗ੍ਰਸਤ ਸੂਝਵਾਨ ਲਈ ਤਾਂ ਸ਼ਾਇਦ ਅਜਿਹਾ ਹੀ ਹੋਵੇ। ਪਰ ਕਿਸੇ ਕਵੀ ਲਈ ਤਾਂ ਕਿਸੇ ਅਪਹੁੰਚ ਜੰਗਲ ਵਿਚੋਂ ਪਗਡੰਡੀਆਂ ਬਣਾਉਂਦੇ ਜਾ ਰਹੇ ਲੋਕਾਂ ਦੇ ਪੈਰਾਂ ਦੀ ਨਿਰੰਤਰ ਠਕ ਠਕ ਕਿੰਨੀ ਪਿਆਰੀ ਹੈ। ਜੋ ਨੰਗੇ ਮਲੂਕ ਪੈਰਾਂ ਦੀ ਨਿਰੰਤਰ ਪਦ ਚਾਪ ਦੀ ਲੈ ਵਿਚ, ਇਕ ਪਾਸੇ ਵੱਲ ਰਾਹ ਬਣਾ ਰਹੇ ਹਨ। ਜਿਵੇਂ ਲੋਕਾਂ ਦੇ ਚਲਦੇ ਪੈਰ, ਪੈੜਾਂ ਬਣਾਉਂਦੇ ਹਨ, ਇਸ ਤਰ੍ਹਾਂ ਮੇਰੇ ਬੁਲ੍ਹ ਉਸ ਦੇ ਨਾਮ ਨੂੰ ਬਾਰ ਬਾਰ ਲੈਂਦੇ, ਮੇਰੀ ਰੂਹ ਲਈ ਇਕ ਮਾਰਗ ਬਣਾਉਂਦੇ ਹਨ। ਪਦ ਚਾਪ, ਜੋ ਰਾਹ ਬਣਾਉਂਦੀ ਹੈ, ਕਿਸੇ ਸੰਗੀਤ ਨਾਲੋਂ ਵੀ ਰਸੀਲੀ ਹੈ, ਪਰ ਉਸ ਦਾ ਨਾਮ ਜਪਣਾ, ਜਿਸ ਦੀ ਹੂਕ, ਉਸ ਖਿਤੇ ਵਿਚ ਦੀ ਰਾਹ ਕਟਦੀ ਹੈ, ਜਿਥੇ ਮੈਨੂੰ ਕੋਈ ਨਹੀਂ ਜਾਣਦਾ, ਵਧੇਰੇ ਰਸਦਾਇਕ ਹੈ। ਇਹ ਸੰਗੀਤਕ ਰਟ ਜੀਵਨ ਧੁਰੇ ਦਾ ਰੁਖ਼ ਸੂਰਜ ਵੱਲ ਮੋੜ ਦਿੰਦੀ ਹੈ। ਇਸ ਤਰ੍ਹਾਂ ਮਹਿਬੂਬ ਗੱਲ-ਇਹੀ ਸਿਮਰਨ ਹੈ। ਉਸ ਦੇ ਮੰਦਰ ਉਸਾਰਨ ਦਾ ਕੀ ਲਾਭ ਹੈ, ਜੇ ਮੈਂ ਪਹਿਲਾਂ ਆਪਣੇ ਸਰੀਰ ਨੂੰ ਉਸ ਹਰੀ ਦਾ ਮੰਦਰ ਨਹੀਂ ਬਣਾਇਆ। ਇਸ ਦੀ ਹਰ ਸਲੈਬ ਤੇ ਉਸ ਦਾ ਨਾਂ ਉਕਰਿਆ ਹੋਵੇਗਾ। ਉਸ ਮੰਦਰ ਦਾ ਦਰਵਾਜ਼ਾ ਰੰਗ ਰੱਤੜੀਆਂ ਰੂਹਾਂ ਤੋਂ ਛੁਟ ਸਭ ਲਈ ਬੰਦ ਰਹੇਗਾ। ਉਨ੍ਹਾਂ ਨੇ ਮੈਨੂੰ ਜਾ ਕੇ ਫਲਾਂ ਫਲਾਂ ਮਰਦ ਜਾਂ ਇਸਤਰੀ ਨੂੰ ਮਿਲਣ ਲਈ ਕਿਹਾ। ਮੰਦਰ ਦੇ ਕੋਈ ਚਰਨ ਨਹੀਂ, ਮੰਦਰ ਖੜਾ ਹੈ, ਅਤੇ ਸੂਰਜ ਤੇ ਚੰਨ ਦੀਆਂ ਰਿਸ਼ਮਾਂ ਉਸ ਦੇ ਸੁਨਹਿਰੀ ਕਲਸ ਨਾਲ ਕਲੋਲ ਕਰਦੀਆਂ ਹਨ। ਉਸ ਤੇ ਖੇਡ ਰਹੀ ਚਾਨਣੀ ਦੀ ਸੁੰਦਰਤਾ, ਵਿਹੜੇ ਵਿਚ ਲਾਏ ਪਿਪਲ ਤੇ ਕੇਲੇ ਦੇ ਰੁੱਖਾਂ ਦੀ ਕੰਬਦੀ ਛਾਂ, ਪਹਾੜਾਂ ਤੋਂ ਹੇਠ ਰਿੜਦੇ ਰੁਖ, ਤਾਰਿਆਂ ਦੇ ਉਹ ਦਮਕਦੇ ਮੁਖੜੇ ਕਾਫ਼ੀ ਹਨ। ਇਹ ਮੰਦਰ, ਉਸ ਸਰਾਪਾ ਹੁਸਨ ਦੀ ਹੋਂਦ ਦੀ ਛਾਂ ਥੱਲੇ ਹੈ। ਮੈਂ ਵੁਸ ਮੰਦਰ ਦਾ ਦਰਦ ਭਰਿਆ ਸਨਾਟਾ ਹਾਂ। ਭਰਾ ਮੈਨੂੰ ਦਸਦਾ ਹੈ........."ਹਾਂ ਖੂਹ ਉਹਨੇ ਪੁਟਿਆ ਹੈ, ਹਰਟੀ ਉਸੇ ਪਾਈ ਹੈ। ਉਸ ਮਹਾਨ ਬਾਗ਼ਬਾਨ ਦੇ ਬਲਦ ਹਰਟੀ ਨੂੰ ਚਲਾਉਂਦੇ ਹਨ। ਸਵੱਛ ਜਲ ਉਪਰ ਉਠਦਾ, ਡਿਗਦਾ ਤੇ ਵਗ ਤੁਰਦਾ ਹੈ। ਮੈਂ ਉਸ ਬਾਉਲੀ

 www.sikhbookclub.com

ਦੇ ਕੰਢੇ ਤੇ ਬੈਠਦਾ ਹਾਂ, ਪਿਆਲੇ ਭਰਦਾ ਹਾਂ ਅਤੇ ਹਰ ਤ੍ਰਿਹਾਏ ਨੂੰ ਦਿੰਦਾ ਹਾਂ। ਜੇ ਦਕਸੇ ਨੂੰ ਸੁਖ ਮਿਲਦਾ ਹੈ, ਮੈਨੂੰ ਪਤਾ ਹੈ, ਉਨ੍ਹਾਂ ਦਾ ਸੁਖਦਾਤਾ ਕੌਣ ਹੈ। ਉਸ ਦੇ ਪਿਆਰਿਆਂ ਦੀ ਸੇਵਾ ਦੇ ਚਾਅ ਵਾਲਾ ਜੀਵਨ, ਉਸੇ ਦਾ ਉਨ੍ਹਾਂ ਤੇ ਤਰਸ ਹੈ, ਜੋ ਫੁਲਾਂ ਦੇ ਬੀਜਾਂ ਵਾਂਗ ਮਿੱਟੀ ਨਾਲ ਮਿੱਟੀ ਹੋ ਜਾਂਦੇ ਹਨ ਤਾਂ ਜੋ ਸਮਾਂ ਆਉਣ ਤੇ ਉਹ ਪੁੰਗਰ ਕੇ ਲਹਿਲਹਾਂਦੇ ਫੁਲਾਂ ਦੇ ਰੂਪ ਵਿਚ ਟਹਿਕ ਉਠਣ।

ਜਦੋਂ ਮੈਂ ਦਿਲੀ ਪਿਆਰ ਕਰਨ ਵਾਲਿਆਂ, ਜਿਨ੍ਹਾਂ ਦੀ ਯਾਦ ਅੰਦਰ ਘਾਓ ਕਰਦੀ ਜਾਂਦੀ ਹੈ, ਤੋਂ ਵਿਛੜਦਾ ਹਾਂ ਤਾਂ ਮੈਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਗੁਰੂ ਨਾਨਕ ਦਾ ਸਿਮਰਨ ਇਕ ਪਤਲੀ ਤੰਦ ਵਰਗਾ ਹੈ ਅਤੇਜਿਥੇ ਮੈਂ ਪਿਆਰ ਕਰਦਾ ਹਾਂ, ਇਹ ਤੰਦ, ਰੂਹਾਨੀ ਚੇਤਨਤਾ ਦੀ ਧਰਤੀ ਵਿਚ ਜੜਾਂ ਲਾਉਂਦੀ ਪ੍ਰਤੀਤ ਹੁੰਦੀ ਹੈ। ਇਕ ਛੋਟੀ ਜਹੀ ਬਰੀਕ ਤੰਦ ਉਸਦੇ ਮਨ ਵਿਚ ਅਤੇ ਇਕ ਮੇਰੇ ਮਨ ਵਿਚ ਵਿਛੋੜੇ ਵਿਚ ਸਦੀਆਂ ਬੀਤ ਜਾਂਦੀਆਂ ਹਨ ਅਤੇ ਸਦੀਆਂ ਪਿਛੋਂ ਜਿਥੇ ਇਕ ਛੋਟੀ ਜਿਹੀ ਤੰਦ ਸੀ, ਉਥੇ ਇਕ ਵੱਡਾ ਜੀਵਨ ਰੁੱਖ ਖੜਾ ਦਿਸ ਆਉਂਦਾ ਹੈ। ਇਸ ਤਰ੍ਹਾਂ ਉਸ ਦੇ ਸਿਮਰਣ ਦੀ ਰਹੱਸਮਈ ਛਾਂ ਹੇਠ ਸਾਡੇ ਇਹਸਾਸ ਪਲਦੇ ਰਹਿੰਦੇ ਹਨ।

## 6. ਸਿਮਰਨ-ਨਿਸ਼ਕਾਮ ਸ਼ਖ਼ਸੀਅਤ ਦਾ ਇਕੋ ਇਕ ਉਸਰੱਈਆ

**ਸਿਮਰਨ** ਦਾ ਇਕ ਹੋਰ ਪੱਖ ਵੀ ਹੈ। ਪ੍ਰਤਿਭਾ ਪ੍ਰਾਪਤ ਵਿਅਕਤੀ ਨੂੰ ਆਪਣੇ ਦ੍ਰਿੜ ਅਤੇ ਜਾਨ ਮਾਰ ਕੇ ਪੈਦਾ ਕੀਤੇ ਗੁਣਾਂ ਤੇ ਮਾਣ ਹੋ ਜਾਂਦਾ ਹੈ। ਉਹ ਆਪਣੇ ਨਾਲੋਂ ਅਜਿਹੇ ਗੁਣਾਂ ਵਿਚ ਨੀਵੀਂ ਪੱਧਰ ਵਾਲਿਆਂ ਨੂੰ ਘ੍ਰਿਣਾ ਦੀਆਂ ਨਜ਼ਰਾਂ ਨਾਲ ਝਾਕਦੇ ਹਨ। ਪਰ ਗੁਰੂ ਨਾਨਕ ਦੇ ਸਿਮਰਨ ਵਾਲਾ ਵਿਅਕਤੀ ਇਹ ਮਹਿਸੂਸ ਕਰਦਾ ਹੈ ਕਿ ਜਿਵੇਂ ਜੀਵਨ ਤੋਂ ਭਜਿਆ ਵਿਅਕਤੀ ਕਾਮਲ ਨਹੀਂ ਹੋ ਸਕਦਾ, ਉਸੇ ਤਰ੍ਹਾਂ ਇਹ ਜਿਵੇਂ 'ਬੁੱਧ' ਬਣ ਸਕਦਾ ਹੈ। ਮੈਂ ਨੀਚ ਵੈਸ਼ੀਆ ਹਾਂ, ਅਤੇ ਗਲ ਕੱਪ ਹਾਂ, ਮੈਂ ਲੁਟੇਰਾ ਹਾਂ। ਮੈਂ ਨੀਚ, ਨੀਚੋਂ ਊਚ ਹੋਣ ਲਈ ਉਪਰ ਵੱਲ, ਖ਼ੁਦਾ ਵੱਲ ਨੂੰ ਹੰਭਲਾ ਮਾਰ ਰਿਹਾ ਹਾਂ। ਜਿਨ੍ਹਾਂ ਚਿਰ ਇਸ ਧਰਤੀ ਤੇ ਇਕ ਵੀ ਭੁੱਖਾ ਤੇ ਨੰਗਾ ਹੈ, ਸੱਚਾ ਪਾਤਸ਼ਾਹ, ਇਸ ਗੱਲ ਤੇ ਕਿਵੇਂ ਸੰਤੁਸ਼ਟ ਹੋ ਸਕਦਾ ਹੈ ਕਿ ਉਹ

ਆਪ ਰੱਜਿਆ ਪੁੱਜਿਆ ਹੈ ਤੇ ਸੋਹਣੀ ਪੁਸ਼ਾਕ ਵਾਲਾ ਹੈ। ਜਿੰਨਾ ਚਿਰ ਇਕ ਵੀ ਅਪੂਰਨ ਹੈ, ਓਨਾ ਚਿਰ ਕਿਸੇ ਰੱਬੀ ਗਿਆਨ ਪ੍ਰਾਪਤ ਬੁੱਧ ਦੀ ਕਿਵੇਂ ਤਸੱਲੀ ਹੋ ਸਕਦੀ ਹੈ ਕਿ ਉਹ ਆਪ 'ਬੁੱਧ' ਹੋ ਗਿਆ ਹੈ। ਅਸਲ ਮਹਾਨ ਵਿਅਕਤੀ ਤਾਂ ਸਨੇਹ, ਹਮਦਰਦੀ ਪਿਆਰ ਨਾਲ ਲਬਰੇਜ਼ ਹੁੰਦੇ ਹਨ, ਉਹ ਨਿਆਂ ਨਹੀਂ ਜਾਣਦੇ। ਜਦੋਂ ਈਸਾ ਮਸੀਹ ਨੇ ਕਿਹਾ, "ਇਨਸਾਫ਼ ਨਾ ਕਰ" ਇਹ ਸਿਮਰਨ ਵਾਲੇ ਮਨੁੱਖ ਦੀ ਪਰਪੱਕ ਹੋਈ ਬਿਰਤੀ ਹੈ, ਜਿਸ ਦੀ ਸਰਬਗਤਾ, ਇਸ ਸੂਖਮ ਹਮਦਰਦੀ ਦੇ ਡੂੰਘੇ ਨਿਸ਼ਕਾਮਤਾ ਭਰੇ ਇਹਸਾਸ, ਦਾ ਹੀ ਰੂਪ ਹੈ। ਇਹ ਸਿਮਰਨ ਕਰਕੇ ਹੈ। ਪਖੰਡ ਦੀ ਨਿਯਮਿਤ ਜਿਹੀ 'ਪਾਕੀਜ਼ਗੀ' ਰੇਖਾ, ਗਣਿਤ ਦੇ ਸਦਾਚਰਕ ਸਿਧਾਂਤਾਂ ਦੀ ਬੇਲਚਕ ਕੱਟੜਦਾ ਹੈ, ਜਿਸ ਦੀ ਬ੍ਰਹਿਮੰਡੀ ਸਦਾਚਾਰਕ ਨਿਯਮਾਂ ਨਾਲ ਕੋਈ ਸਾਂਝ ਨਹੀਂ। ਪੇਸ਼ਾਵਰ ਪੁਜਾਰੀ ਤੇ ਭਾਈ, ਗੁਨਾਹ ਕਰਨ ਵਾਲਿਆਂ ਨੂੰ ਪੱਥਰ ਮਾਰਨ ਲਈ ਸਦਾ ਬਾਹਾਂ ਕੂੰਜੀ ਰਖਦੇ ਹਨ, ਉਨ੍ਹਾਂ ਦੀ ਆਤਮਾ ਮਲੀਨ ਹੈ ਤੇ ਉਹ ਮਨ ਖਿਮਾਂ। ਪਿਆਰ ਕਰਨਾ ਹੀ ਸੱਚੀ ਸੇਵਾ ਹੈ। ਉਸ ਦਾ ਨਾਮ ਜਪਣਾ ਹੀ ਅਦੁਤੀ ਹੈ। ਅਸੀਂ ਛੱਪੜਾਂ ਵਿਚ ਅਤੇ ਦਰਿਆਵਾਂ ਦੇ ਕੰਡਿਆਂ ਤੇ ਰਹਿਣ ਵਾਲੇ ਅਤੇ ਖੂਹਾਂ ਦੇ ਡੱਡੂ, ਸਮੁੰਦਰ ਨੂੰ ਵੇਖ ਕੇ ਬ੍ਰਹਿਮੰਡੀ ਚੇਤਨਤਾ ਵਿਚ ਅੱਖ ਝਪਕਦੇ ਹੀ ਵਿਸਮਾਦਤ ਹੋ ਉਠਦੇ ਹਾਂ। ਛੋਟੀ ਮੋਟੀ ਗਿਣਤੀ ਦੀ ਭਲਾਈ ਕਰਨ ਵਾਲੇ ਜੋ ਪਾਣੀ ਦੇ ਗਲਾਸ ਅਤੇ ਰੋਟੀ ਦੇ ਟੁਕੜੇ ਵੰਡਦੇ ਜਾਂਦੇ ਹਨ, ਉਸ ਬ੍ਰਹਿਮੰਡੀ ਦਾਤੇ ਦੀ ਖੁੱਲ੍ਹ-ਦਿਲੀ ਨੂੰ ਵੇਖ ਵਿਸਮਾਦਤ ਹੋ ਉੱਠਦੇ ਹਨ, ਜਦੋਂ ਕਿ ਬੱਦਲ ਦੀ ਕੋਈ ਟੁਕੜੀ ਆਕਾਸ਼ ਤੇ ਹੋਰ ਬੱਦਲਾਂ ਨੂੰ ਜੋੜ, ਬਿਜਲੀ ਚਮਕਾਉਂਦੀ ਸਾਰੇ ਸੰਸਾਰ ਵਿਚ ਹਰ ਪਾਸੇ ਜਲ ਥਲ ਕਰ ਦੇਂਦੀ ਹੈ। ਆਪਣੀ ਪ੍ਰਚੰਡ ਮਿਹਰ ਵਿਚ ਕਿਸੇ ਪਾਪੀ ਦਾ ਸਾਧੂ ਨਾਲ ਵਿਤਕਰਾ ਨਹੀਂ ਕਰਦੀ। ਹੜ੍ਹ ਆ ਜਾਂਦੇ ਹਨ। ਸਿਮਰਨ ਵਾਲੇ ਮਨੁੱਖ ਨੂੰ ਵੇਖ, ਸਿੱਖ ਨੂੰ ਬ੍ਰਹਿਮੰਡੀ ਰਹੱਸ ਦੀ ਝਲਕ ਦਿਸ ਪੈਂਦੀ ਹੈ। ਉਹ ਉਸ ਦੀ ਬਚਗਾਨਾ ਮਾਸੂਮੀਅਤ ਦੀ ਮਿਹਰ ਭਰੀ ਮੁਸਕਾਨ ਵਿਚ ਖੁਲ੍ਹਦੀ ਹੈ। ਕਾਮਲ, ਬੱਚੇ ਦੇ ਬੋਲਣ ਵਾਂਗ ਹੀ ਸਰਲ ਸੁਭਾ ਤੇ ਨਿਸ਼ਕਪਟ ਹੈ।

ਹਿੰਦੂ ਗਊ ਨੂੰ ਪੂਜਦਾ ਹੈ। ਪਰ ਗੁਰੂ ਨਾਨਕ ਦੀ ਸਿਮਰਨ ਕਲਾ ਤੋਂ ਅਭਿਜ ਹੈ। ਜੇ ਉਹ ਜਾਣਦਾ ਹੁੰਦਾ ਤਾਂ ਉਸ ਨੂੰ ਸਦਾ ਚੇਤੇ ਰਹਿੰਦਾ

ਕਿ ਗਊ ਸੰਸਾਰ ਤੋਂ ਥੋੜ੍ਹੇ ਜਿਹੇ ਸੁੱਕੇ ਤਿਣਕੇ ਤੇ ਘਾਹ ਲੈਂਦੀ ਹੈ ਅਤੇ ਇੰਨੇ ਵੱਡੇ ਸਰੀਰ ਦੀ ਹੁੰਦੀ ਹੋਈ ਵੀ ਉਹ ਸੰਤ ਵਾਂਗ ਨਰਮ ਦਿਲ ਤੇ ਤਰਸਵੰਦ ਹੈ। ਉਹ ਬਛੜੇ ਨੂੰ ਚਟਦੀ ਹੈ ਅਤੇ ਕਿਸੇ ਡੂੰਘੇ ਰੂਹਾਨੀ ਜਜ਼ਬੇ ਅਧੀਨ ਉਸਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ ਅਤੇ ਉਹ ਦੁੱਧ ਲਾਹ ਦਿੰਦੀ ਹੈ। ਉਹ ਬਛੜੇ ਵਿਚ ਦੁਧ ਦੇ ਰੂਪ ਵਿਚ ਆਪਣੀ ਰੂਹ ਉਤਾਰ ਦਿੰਦੀ ਹੈ। ਅਜਿਹੇ ਅਹਿਸਾਸ ਦੀ ਸਰਸਰਾਹਟ ਨੂੰ ਆਪਣੇ ਅੰਦਰ ਸਮਾ ਲੈਣਾ ਅਤੇ ਦੈਨਿਕ ਖ਼ੁਰਾਕ ਦੀ ਥੋੜ੍ਹੀ ਬਹੁਤ ਵੁਦਰ ਪੂਰਨਾ ਕਰਕੇ ਮਾਂ-ਪਿਆਰ ਦੀ ਰੂਹਾਨੀ ਸੁਗੰਧੀ ਨੂੰ ਖਲੇਰਨਾ, ਉਸ ਨੂੰ ਦੇਵੀ ਦਾ ਦਰਜਾ ਦਿਵਾਉਂਦਾ ਹੈ। ਜੇ ਹਿੰਦੂ ਗਊ ਦੇ ਸਿਮਰਨ ਤੋਂ ਜਾਣੂ ਹੁੰਦਾ, ਉਹ ਗਊ ਵਰਗਾ ਹੀ ਸੁੰਦਰ ਤੇ ਪਿਆਰ ਵਾਲਾ ਹੁੰਦਾ। ਪਰ ਉਹ ਉਸ ਨੂੰ ਵੇਚਦਾ ਹੈ। ਨਿਰਜਿੰਦ ਚਾਂਦੀ ਸੋਨੇ ਲਈ ਉਸ ਨੂੰ ਭੁੱਖਿਆਂ ਮਾਰ ਦਿੰਦਾ ਹੈ।

ਮਾਇਆ ਮਿਲੇ ਤੇ ਗਰਵ ਕਰਤ ਹੈ, ਬਿਛੜ ਜਾਏ ਤੋ ਰੋਵਨ ਲਾਗਤ ਹੈ। ਉਸਦਾ ਜੀਵਨ ਨਿਰਜਿੰਦ ਚਾਂਦੀ ਸੋਨੇ ਵਿਚ ਹੈ, ਗਊ ਦੀ ਦੈਵੀ ਹਸਤੀ ਵਿਚ ਨਹੀਂ। ਅਤੇ ਫਿਰ ਵੀ ਉਹ ਸੰਸਾਰ ਦੀਆਂ ਕੌਮਾਂ ਵਿਚ ਰਹਿਣ ਦੀ ਆਸ ਰੱਖਦਾ ਹੈ। ਨਿਰਜਿੰਦ ਜੜ੍ਹਾਂ, ਜੀਵਨ ਦਾ ਸਹਾਰਾ ਨਹੀਂ ਬਣ ਸਕਦੀਆਂ, ਸਭ ਕੁਝ ਬਾਲਣ ਬਣ ਜਾਂਦਾ ਹੈ।

ਸਿੱਖ ਵੀ, ਜੇ ਉਹ ਗੁਰੂ ਦੀ ਜੀਵਨ ਵਿਧੀ ਨੂੰ ਭੁਲ ਗਿਆ, ਹਿੰਦੂ ਵਾਂਗ ਮਰ ਜਾਵੇਗਾ। ਉਹ ਸਮੁੰਦਰ ਵਾਂਗ, ਜੋ ਧਰਤੀ ਦੇ ਵਾਸੀਆਂ ਲਈ ਮੀਂਹ ਤੇ ਪੌਣ ਵਰਗੀ ਮਹਿਰਹਿਮਤ ਕਰਦਾ ਹੈ, ਬਣੇ ਬਿਨਾਂ ਬ੍ਰਿਮੰਡੀ ਚੇਤਨਤਾ ਵਿਚ ਦਾਖਲ ਹੋ ਸਕਦਾ ਹੈ। ਸਮੁੰਦਰ ਦਾ ਵੇਗਵਾਨ ਪਰਉਪਕਾਰ ਵੇਖਿਆਂ ਬਣਦਾ ਹੈ, ਜੋ ਚਟਾਨਾਂ ਨਾਲ ਖਹਿੰਦਾ ਰਹਿੰਦਾ ਹੈ।

ਛੋਟੀ ਨਰਗਸ ਪਾਸ ਫੁੱਲਾਂ ਵਾਲੀ ਅੱਖ ਹੈ। ਉਨ੍ਹਾਂ ਗਮਲੇ ਨੂੰ ਪਾਣੀ ਨਹੀਂ ਪਾਇਆ। ਧਰਤੀ ਹੇਠਲੀ ਡੋਡੀ ਸੁੱਕ ਰਹੀ ਹੈ। ਥੋੜ੍ਹੀ ਜਿਹੀ ਜਾਨ ਬਾਕੀ ਹੈ। ਪੱਤੇ ਸੁੱਕ ਗਏ ਹਨ। ਛੋਟੀ ਜਿਹੀ ਡੋਡੀ ਦੀ ਆਖਰੀ ਕਣੀ ਵੀ ਆਖਰੀ ਸਾਹ ਲੈ ਚੁੱਕੀ ਹੈ ਅਤੇ ਫੁੱਲ ਅਜੇ ਵੀ ਮੁਸਕਰਾ ਰਿਹਾ ਹੈ। ਜੇ ਸਾਨੂੰ ਸਿਮਰਨ ਵਲਾ ਦਾ ਗਿਆਨ ਹੋਵੇ, ਫੁਲ ਦੇ ਮੁਰਝਾਉਣ ਤੋਂ ਇਹਸਾਸ ਪੈਦਾ ਹੁੰਦਾ ਹੈ ਕਿ ਜੀਵਨ ਦੀ ਕੋਈ ਬਾਹਰੀ ਹਾਲਤ ਜਾਂ ਘਟਨਾ ਸਾਡੇ ਦਿਲ ਦੀ ਸ਼ਮ੍ਹਾਂ ਦੀ ਲੌ ਨੂੰ ਮੱਧਮ ਨਹੀਂ ਕਰ ਸਕਦੀ,


www.sikhbookclub.com

ਜਿਸ ਵਿਚ ਉਸ ਦੇ ਸਾਡੇ ਪ੍ਰਤੀ ਪਿਆਰ ਦਾ ਤੇਲ ਬਲਦਾ ਹੈ। ਸਿਮਰਨ ਅਤੇ ਨਾਮ ਦੇ ਖੇੜੇ ਨਾਲ ਰੰਗੀ, ਅੰਦਰਲੀ ਧਰਤ, ਕੇਵਲ ਸਾਡੀ ਆਪਣੀ ਗਰੀਬੀ ਅਤੇ ਅਮੀਰੀ, ਦੁੱਖ ਅਤੇ ਸੁੱਖ, ਖੁਸ਼ੀ ਅਤੇ ਗ਼ਮੀ ਨੂੰ ਉਸ ਅਧੀ ਬੇਪਰਵਾਹੀ ਵਿਚ ਵੇਖੇਗੀ, ਜਿਸ ਨਾਲ ਕਿ ਮਨੁੱਖੀ ਮਨ ਬੀਤੇ ਜੁਗਾਂ ਅਤੇ ਅਣਵੇਖੇ ਲੋਕਾਂ ਦੀਆਂ ਦੁਖ ਤਕਲੀਫ਼ਾਂ ਅਤੇ ਖੁਸ਼ੀ ਗ਼ਮੀ ਦਾ ਸਰਵੇਖਣ ਕਰਦਾ ਹੈ। ਇਥੋਂ ਤਕ ਕਿ ਜੇ ਰੂਹ ਨਰਗਸ ਵਾਂਗ ਖਿੜੀ ਹੋਈ ਵੀ ਹੋਵੇ, ਇਹ ਸਾਡੇ ਦੇਹਧਾਰੀ ਜੀਵਨ ਦੀ ਟਿਮਟਮਾਂਦੀ ਜੋਤ ਤੇ ਨਿਰਭਰ ਕਰਦੀ ਹੈ, ਇਹ ਆਖ਼ਰੀ ਸਾਹਾਂ ਤਕ ਲੜੇਗਾ ਅਤੇ ਸਿਪਾਹੀ ਵਾਂਗ ਸ਼ਹੀਦ ਹੋ ਜਾਵੇਗਾ।

ਕੀ ਤੁਸਾਂ ਗੁਰੂ ਨਾਨਕ ਨੂੰ ਜਪੁਜੀ ਵਿਚ ਨਹੀਂ ਸੁਣਿਆ:

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥**
**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥**
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥**
**ਜੇ ਤਿਸੁ ਨਦਰਿ ਨਾ ਆਵਈ, ਤ ਵਾਤ ਨ ਪੁਛੈ ਕੇ॥**

ਅਤੇ

**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥**
**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥**
**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥**

(ਜਪੁ)


www.sikhbookclub.com

# ਲੇਖੈ ਇਕ ਗੱਲ

**ਉਸ** ਸਾਰੇ ਦਾ ਇਹੀ ਮੂਲ ਹੈ, ਜੋ ਅਸੀਂ ਮੂਰਖਾਂ ਵਾਂਗ ਗੁਰੂ ਦੇ ਮਨ ਵਿਚੋਂ ਭਾਲਦੇ ਹਾਂ। ਕੀ ਅਸੀਂ ਸਿਵਾਏ ਅਗਿਆਨਤਾ ਅਤੇ ਮ੍ਰਿਗ ਤ੍ਰਿਸ਼ਣਾ ਦੇ ਭਰਮ ਹੇਠ ਨਹੀਂ, ਜਿਵੇਂ ਕਿ ਰੇਗਿਸਤਾਨ ਦੀ ਚਮਕ ਵਿਚੋਂ ਪਾਣੀ ਦੀ ਆਸ ਤੇ ਹਰਨ ਚੁੰਗੀਆਂ ਭਰਦਾ ਦਿਸ ਆਉਂਦਾ ਹੈ। ਇਸ ਤਰ੍ਹਾਂ ਅਸੀਂ ਬੱਧੇ ਹੋਏ ਹਾਂ। ਅਸੀਂ ਕਦੋਂ ਆਜ਼ਾਦ ਹੋਵਾਂਗੇ? ਆਪਣੇ ਸਵੈ-ਭਰਮਾਂ ਵਹਿਮਾਂ ਵਿਚ ਬੱਝਿਆਂ ਰਹਿਣਾ ਹੀ ਮਹਾਨ ਦੁੱਖ ਦਾ ਕਾਰਣ ਹੈ। ਜੇ ਕੋਈ ਜ਼ਾਲਮ ਸਾਨੂੰ ਨੂੜਦਾ ਹੈ ਤਾਂ ਉਸ ਵੱਲੋਂ ਦਿੱਤੇ ਗਏ ਤਸੀਹਾਂ ਤੇ ਅਸੀਂ ਨੱਕ ਮੂੰਹ ਚੜ੍ਹਾ ਸਕਦੇ ਹਾਂ। ਪਰ ਸਾਡੇ ਆਪਣੇ ਸਵੈ-ਬੰਧਨ ਕਿੰਨੇ ਦੁਖਾਂਤਕ ਹਨ? ਮੈਂ ਤਾਂ ਸਮਝ ਲਿਆ ਹੈ, ਪਰ ਕੀ ਤੁਸੀਂ ਵੀ ਜਾਣ ਗਏ ਹੋ। ਜਦੋਂ ਮੇਰੇ ਆਪਣੇ ਕਮਰੇ ਵਿਚ ਹਨੇਰਾ ਹੈ, ਤਾਂ ਸਭ ਤੋਂ ਵਡਾ ਰੂਹਾਨੀ ਕਾਰਜ, ਆਕਾਸ਼ ਤੋਂ ਤਾਰੇ ਲਿਆਉਣ ਦੀ ਬਜਾਏ ਕਮਰੇ ਵਿਚ ਇਕ ਦੀਵਾ ਜਗਾ ਕੇ ਹਨੇਰਾ ਦੂਰ ਕਰਨ ਵਿਚ ਹੈ। ਉਹ ਇਸਤਰੀ, ਜੋ ਸਵੇਰੇ ਘਰ ਨੂੰ ਬੁਹਾਰਦੀ ਹੈ, ਸ਼ਾਮ ਨੂੰ ਦੀਵਾ ਜਗਾਉਂਦੀ ਹੈ ਅਤੇ ਚੁਲ੍ਹੇ ਕੋਲ ਬੈਠੀ ਬੱਚਿਆਂ ਨੂੰ, ਇਥੋਂ ਤਕ ਕਿ ਬੱਚਿਆਂ ਦੇ ਬਾਪ ਨੂੰ ਜੋ ਉਸ ਲਈ ਮਨੁੱਖ ਦਾ ਜੇਠਾ ਪੁੱਤਰ ਹੈ, ਨੂੰ ਰੋਟੀ ਲਈ ਉਡੀਕਦੀ ਹੈ, ਜੀਵਨ ਪੱਥ ਤੇ ਸਿਮਰਨ ਦੀ ਅਜਿਹੀ ਸ਼ਾਂਤੀ ਖਲੇਰਦੀ ਹੈ, ਜੋ ਸਦੀਵੀ ਹੈ, ਜੀਵਨ ਬਖ਼ਸ਼ਦੀ ਹੈ।

ਅਜ ਦੇ ਫਿਲਮ ਸਟਾਰ ਦੀ ਟੁੱਟਦੇ ਤਾਰੇ ਵਰਗੀ, ਵਿਗਿਆਨੀਆਂ ਵਾਲੀ ਝਾਤ ਵਿਚ ਮੇਰੀ ਕੋਈ ਦਿਲਚਸਪੀ ਨਹੀਂ। ਉਸ ਨੂੰ ਇਕ ਕਲਾਕਾਰ ਕਿਹਾ ਜਾਂਦਾ ਹੈ, ਪਰ ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਗੁਰੂ ਨਾਨਕ ਦੇ ਸਿਮਰਨ ਨੇ ਲੋਕਾਂ ਦੇ ਉਸ ਮਾਪ ਤੇ ਮਿਆਰ ਵਿਚ ਅਜੇ ਕੋਈ ਤਬਦੀਲੀ ਨਹੀਂ ਕੀਤੀ, ਜਿਸ ਨਾਲ ਉਹ ਆਪਣੀ ਅੰਤਰੀਵ ਮੰਜ਼ਿਲ ਦਾ ਜਾਇਜ਼ਾ ਲਾਉਂਦੇ ਹਨ।

ਥੀਏਟਰ, ਨਾਟਕ ਅਤੇ ਸਿਨੇਮਾ ਉਹ ਕਲਾਵਾਂ ਨਹੀਂ, ਜੋ ਜੀਵਨ ਦਿੰਦੀਆਂ ਹਨ। ਉਹ ਇਸ ਨੂੰ ਖ਼ਤਮ ਕਰਦੀਆਂ ਹਨ। ਉਹ ਮਨੁੱਖੀ ਸ਼ਖ਼ਸੀਅਤ ਨੂੰ ਆਤਸ਼ਬਾਜ਼ੀ ਦਾ ਰੂਪ ਦੇ ਦਿੰਦੀਆਂ ਹਨ। ਉਹ ਲੋਕਾਂ ਦੇ ਰੇਖਾ-ਗਣਿਤ ਵਰਗੇ ਮਨਾ ਦੇ ਕਾਰਜ ਅਤੇ ਸਾਹਿਤ ਹਨ। ਰੋਮਨ ਅਤੇ ਬਰਤਾਨੀਆ ਵਰਗੀਆਂ ਸਲਤਨਤਾਂ ਬਣਾਉਂਦੀਆਂ ਕੌਮਾਂ ਹੀ ਕੇਵਲ ਜਿਹਾ ਸੰਗੀਤਾਤਮਿਕ ਪ੍ਰਤਿਭਾਸ਼ਾਲੀ ਵਿਅਕਤੀ ਹਨ ਅਤੇ ਹੋ ਸਕਦੇ ਹਨ, ਜਿਨ੍ਹਾਂ ਦੀ ਜ਼ਮੀਰ ਸਿਰਫ਼ ਭਰਮ ਦਾ ਜਾਲ ਬੁਣਨ ਤੇ ਲਗੀ ਹੈ। ਇਕ ਜਾਤੀ ਦੇ ਤੌਰ ਤੇ ਉਹ ਕੋਈ ਦੈਵੀ ਰਾਗਾਤਮਿਕ ਸਾਹਿਤ, ਜਿਹਾ ਕਿ ਜੀਵਨ ਦਾਨ ਦਿੰਦੀ ਬਾਈਬਲ ਦੇਣ ਦੇ ਯੋਗ ਨਹੀਂ। ਇਹ ਉਚੇਰੇ ਜੀਵਨ ਦੀ ਸੁਭਾਗੀ ਪਕੜਹੈ। ਜਦੋਂ ਕਿ ਅਸੀਂ ਅਣਜਾਣ ਹੀ ਬ੍ਰਹਿਮੰਡੀ ਮਨ ਨਾਲ ਜੁੜੇ ਹੁੰਦੇ ਹਾਂ। ਬ੍ਰਹਿਮੰਡੀ ਹਮਦਰਦੀ ਜਾਂ ਗਿਆਨ ਤੋਂ ਵਾਂਝੇ ਮਨਾਂ ਦੁਆਰਾ ਪੈਦਾ ਕੀਤਾ ਸਾਹਿਤ ਤੇ ਹੁਨਰ, ਕੇਵਲ ਆਰਜ਼ੀ ਬੌਧਿਕ ਦਿਲਚਸਪੀ ਵਾਲਾ ਹੁੰਦਾ ਹੈ, ਜੋ ਸਾਡੀ ਅੰਦਰੂਨੀ ਆਤਮਿਕ ਅਮੀਰੀ ਦੇ ਜੀਵਨ ਤੱਤ ਨੂੰ ਖ਼ਰਚ ਕਰਨ ਦੀ ਸਾਡੀ ਸਮਰਥਾ ਅਨੁਸਾਰ ਘਟਦੀ ਅਤੇ ਵਧਦੀ ਰਹਿੰਦੀ ਹੈ।

ਬੌਧਕ ਦਿਲਚਸਪੀ ਅਤੇ ਖੁਸ਼ੀ ਨੂੰ ਉਤੇਜਿਤ ਕਰਨ ਲਈ ਸਭ ਲੋਕਾਂ ਪਾਸ ਰੇਖਾ-ਗਣਿਤ ਮਈ ਚੇਤਨਤਾ ਹੈ। ਉਨ੍ਹਾਂ ਪਾਸ ਬ੍ਰਹਿਮੰਡੀ ਚੇਤਨਤਾ ਵਾਲਾ ਸਾਹਿਤ ਵੀ ਹੈ, ਜਿਹੜਾ ਭਾਵੇਂ ਘੱਟ ਚਮਕਦਾਰ, ਘੱਟ ਜੁੜਿਆ, ਘੱਟ ਗੁੰਝਲਦਾਰ, ਚੁਸਤ ਪ੍ਰਗਟਾਅ ਵਾਲਾ ਹੈ, ਪਰ ਜੀਵਨ ਦਾਇਕ ਜ਼ਰੂਰ ਹੈ। ਨਵੀਂ ਟੈਸਟੇਮੈਂਟ, ਖ਼ਾਸ ਕਰਕੇ ਈਸਾਮਸੀਹ ਦੇ ਪ੍ਰਸਿੱਧ ਸ਼ਬਦਾਂ ਵਿਚ ਉਹ ਅਦਭੁਤ ਗੁਣ ਹਨ, ਜੋ ਪੱਛਮ ਦੇ ਕਿਸੇ ਵੀ ਕਵੀ ਜਾਂ ਵਾਰਤਕ ਲਿਖਾਰੀ ਵਿਚ ਨਹੀਂ। ਮੈਂ ਜੋ ਸ਼ਬਦ 'ਪੂਰਬੀ ਕਾਵਿ ਦੀ ਆਤਮਾ' ਵਿਚ ਕਹੇ ਹਨ, ਫਿਰ ਦੁਹਰਾਂਦਾ ਹਾਂ ਕਿ ਬਾਈਬਲ ਦੇ ਸ਼ਬਦਾਂ ਤੋਂ ਛੁਟ ਤਾਂ ਪੱਛਮ ਦੇ ਲੋਕ ਰੂਹਾਨੀ ਭੁੱਖ ਨਾਲ ਮਰ ਜਾਂਦੇ ਆਪਣੇ ਬੀਮਾਰ ਬੱਚੇ ਦੇ ਮੰਜੇ ਪਾਸ ਬੈਠੀ ਬਾਈਬਲ ਪੜ੍ਹ ਰਹੀ, ਨੇਕ ਦਿਲ ਮਾਂ, ਮੋਤੀਆਂ ਵਾਂਗ ਡਲ੍ਹਕਦੇ ਅਥਰੂਆਂ ਵਾਲੀਆਂ ਅੱਖਾਂ ਉਤਾਂਹ ਚੁਕਦੀ ਹੈ ਤਾਂ ਉਹ ਜਿਉਂਦੀ ਜਾਗਦੀ 'ਮੇਰੀ' ਪ੍ਰਤੀਤ ਹੁੰਦੀ ਹੈ। ਮੌਤ ਅਤੇ ਮਾਯੂਸੀ, ਜੀਵਨ ਦਾ ਇਹ ਦੁੱਖ ਦਰਦ, ਸ਼ੇਕਸਪੀਅਰ, ਜਾਂ ਸਵਿਨਥਰਨ, ਕੀਟਸ ਜਾਂ ਸ਼ੈਲੇ ਵਿਚ ਕਿਤੇ ਨਹੀਂ ਮਿਲਦਾ। ਉਨ੍ਹਾਂ ਨੂੰ ਗੋਡੇ ਟੇਕ ਕੇ ਈਸਾ ਮਸੀਹ ਦੇ ਚਰਨ ਚੁੰਮਣੇ


www.sikhbookclub.com

ਚਾਹੀਦੇ ਹਨ। ਜੇ ਉਹ ਮਨੁੱਖ ਹਨ ਤਾਂ ਉਨ੍ਹਾਂ ਨੂੰ 'ਉਸ' ਦੇ ਚਰਨਾਂ ਤੇ ਮਲ੍ਹਮ ਲਾ ਕੇ ਆਪਣੇ ਕੇਸਾਂ ਨਾਲ ਉਸ ਦੀ ਮਾਲਸ਼ ਕਰਨੀ ਚਾਹੀਦੀ ਹੈ। ਜਿਹੜਾ ਸਾਹਿਤ ਉਨ੍ਹਾਂ ਸਿਰਜਿਆ ਹੈ, ਉਹ ਤਾਂ ਬੱਚਿਆਂ ਦੀ ਬੜ ਬੜ ਵਰਗਾ ਹੈ। ਮੈਂ ਜਾਂਗਲੀ ਜਾਂ ਪਾਗਲ ਸਮਝਿਆ ਜਾਵਾਂ ਪਰ ਇਨ੍ਹਾਂ ਸਾਰਿਆਂ ਦੀ ਪ੍ਰਤਿਭਾ ਵਿਚ ਅਜਿਹਾ ਗੁਣ ਨਹੀਂ, ਜਿਸ ਦਾ ਮੈਂ ਨਾਮ ਨਾਂਹ ਲੈ ਸਕਾਂ, ਸਗੋਂ ਕੇਵਲ ਸੁਝਾ ਦੇ ਸਕਾਂ।

ਅਸਾਂ, ਸਿੱਖਾਂ ਪਾਸ, ਗੁਰੂ ਗ੍ਰੰਥ ਉਹ ਪੁਸਤਕ ਹੈ, ਜਿਸ ਦੇ ਟਾਕਰੇ ਦੀ ਕੋਈ ਪੁਸਤਕ ਪ੍ਰਾਚੀਨ ਵੇਦਾਂ ਤੋਂ ਲੈ ਕੇ ਅਜ ਦੀਆਂ ਕਿਰਤਾਂ ਤਕ ਨਹੀਂ, ਕਿਉਂਕਿ ਭਾਰਤ ਵਿਚ ਗੁਰੂ ਨਾਨਕ ਵਰਗੇ ਬ੍ਰਹਿਮੰਡੀ ਮਨ ਅਤੇ ਗੁਣਾਂ ਵਾਲਾ ਕੋਈ ਵੀ ਨਹੀਂ ਹੋਇਆ। ਉਹ ਸਦਾਚਾਰੀ ਕੁਦਰਤ ਦਾ ਮੁਜੱਸਮਾ ਹੈ। ਉਹ ਕੋਈ ਭਾਸ਼ਣ ਜਾਂ ਗੀਤ ਨਹੀਂ ਸਗੋਂ ਸਦਾਚਾਰਕ ਬ੍ਰਹਿਮੰਡ ਹੈ। ਉਹ ਪੂਰਨ ਆਤਮਾ ਹੈ। ਉਸ ਦੇ ਲੋਕਾਂ ਅਤੇ ਵਸਤਾਂ, ਜੋ ਇਕ ਦੂਜੇ ਨੂੰ ਆਰਪਾਰ ਕਰਦੀਆਂ ਹਨ ਅਤੇ ਅਣਗਿਣਤ ਛੋਟੇ ਛੋਟੇ ਨੁਕਤਿਆਂ ਤੇ ਇਕ ਦੂਜੇ ਵੱਲ ਆਉਂਦੀਆਂ ਅਤੇ ਇਕ ਦੂਜੇ ਨੂੰ ਕਟਦੀਆਂ ਵਿਚਾਰਧਾਰਾਵਾਂ, ਸੰਬੰਧੀ ਵਿਚਾਰਾਂ ਵਿਚ ਮਹਾਨ ਵਿਰੋਧ ਹੈ, ਜੋ ਹੁਣੇ ਕਰਮ ਦੀ ਫ਼ਿਲਾਸਫ਼ੀ ਨੂੰ ਮੰਨਦੀਆਂ ਹਨ ਅਤੇ ਦੂਜੇ ਪਲ ਬਰਫ਼ ਦੇ ਭੁਰ-ਭੁਰੇ ਗੋਲੇ ਵਾਂਗ ਤੋੜ ਸੁਟਦੀਆਂ ਹਨ। ਹੁਣ ਇਸ ਨੂੰ ਸੱਚ ਮੰਨਣਾ ਤੇ ਫਿਰ ਕਹਿਣਾ ਇਹ ਸੱਚ ਨਹੀਂ, ਇਸ ਤਰ੍ਹਾਂ ਕਰਦਿਆਂ ਲਮਿਹਾਂ ਤੋਂ ਦਿਨ, ਦਿਨਾਂ ਤੋਂ ਸਾਲ, ਸਾਲਾਂ ਤੋਂ ਜੁਗ ਬੀਤ ਜਾਂਦੇ ਹਨ, ਪਰ ਇਕ ਰੰਗੀਨ ਕਰਤਾਰੀ ਅਵਸਥਾ, ਭਾਵੇਂ ਦੂਜੇ ਪਲ ਬਦਲ ਜਾਂਦੀ ਹੈ, ਉਹ ਹੋਰ ਵੀ ਤਾਜ਼ਾ ਤੇ ਨਵੇਂ, ਗੁਰੂ ਗ੍ਰੰਥ ਦੇ ਵਿਚਾਰਾਂ ਅਤੇ ਸ਼ਬਦਾਂ ਨੂੰ ਇਕ ਵਿਸ਼ਵ-ਵਿਆਪੀ ਰੰਗਣ ਦੇ ਦਿੰਦੀ ਹੈ, ਜੋ ਵਿਸ਼ਲੇਸ਼ਣ ਸਬੰਧੀ ਜਾਂ ਵਿਸ਼ਲੇਸ਼ਣ ਕਰਕੇ ਉਸ ਨੂੰ ਸਮਝਣ ਦੇ ਜਤਨਾਂ ਨੂੰ ਨਿਸਫਲ ਬਣਾ ਦਿੰਦੀ ਹੈ। ਸ਼ਬਦਾਂ ਤੋਂ ਉਨ੍ਹਾਂ ਦੇ ਅਰਥਾਂ ਤੋਂ ਪਰ੍ਹੇ, ਇਸ ਦੀ ਸਾਰੀ ਰੂਪ-ਰੇਖਾ ਚਲਦੀ ਹੈ ਅਤੇ ਅਣਹਦ ਸ਼ਬਦ ਰਾਹੀਂ ਰੂਹ ਨੂੰ ਕੀਲ ਲੈਂਦੀ ਹੈ ਅਤੇ ਅੰਦਰਲੇ ਨੂੰ ਵੱਸ ਵਿਚ ਕਰਕੇ, ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ।

ਹੁਣ ਤਕ ਤਾਂ ਮੈਂ ਅੱਜ ਕਲ੍ਹ ਦੇ ਨਿਕੱਮਿਆਂ ਦੇ ਬੌਧਿਕ ਅਤੇ ਕੇਵਲ ਵਿਸ਼ਲੇਸ਼ਣਾਤਮਿਕ ਸੰਸਿਆਂ ਦਾ ਸ਼ਿਕਾਰ ਰਿਹਾ ਹਾਂ, ਜੋ ਵਿਹਲੇ ਬਹਿਕੇ

 www.sikhbookclub.com

ਫਜ਼ੂਲ ਦੀ ਬਹਿਸ ਕਰੀ ਜਾਂਦੇ ਹਨ ਕਿ ਗੁਰੂ ਦੇ ਸ਼ਬਦ ਨੂੰ ਜਪੀ ਜਾਣਾ ਇਕ ਮਿਕਾਨਕੀ ਗੱਲ ਹੈ ਪਰ ਮੇਰਾ ਹੁਣ ਵੀ ਵਿਸ਼ਵਾਸ ਹੈ ਕਿ ਮੁਰਦਾ ਹੋ ਚੁੱਕੇ, ਅਣਰੰਗੇ ਭਾਈ, ਮੁਲਾਣੇ ਅਤੇ ਧਰਮ ਸ਼ਾਸਤਰੀ ਅਜਿਹਾ ਹੀ ਕਹਿੰਦੇ ਹਨ। ਪਰ ਜਦੋਂ ਗੁਰੂ ਦਾ ਨਿੱਜੀ ਪਿਆਰ ਅੰਦਰਲੇ ਨੂੰ ਰੰਗ ਦਿੰਦਾ ਹੈ ਤਾਂ ਜੀਵਨ ਪੱਥ ਦੇ ਇੱਕਲੇ ਮੁਸਾਫ਼ਰ ਲਈ ਕੇਵਲ ਨਾਮ ਜਪਣਾ ਹੀ ਕਿਹਾ ਹੈ ਅਤੇ ਸਾਰੇ ਹੀ ਇੱਕਲੇ ਹਨ। ਗੁਰੂ ਨਾਨਕ ਦਾ ਸ਼ਬਦ ਹੀ ਧੁਰ ਦਾ ਸਾਥੀ ਹੈ। ਜਿੰਨਾਂ ਅਸੀਂ ਇਸ ਵਿਚ ਭਿੱਜਦੇ ਹਾਂ ਉੱਨੇ ਹੀ ਅਸੀਂ ਅਮੀਰ ਹੁੰਦੇ ਜਾਂਦੇ ਹਾਂ ਅਤੇ ਇਹ ਦੁਹਰਾਓ ਜੀਵਨ ਦੀਆਂ ਨਵੀਆਂ ਖ਼ੁਸ਼ੀਆਂ ਪ੍ਰਦਾਨ ਕਰਦਾ ਹੈ। ਅਤੇ ਇਸ ਤਰ੍ਹਾਂ ਜੇ ਅਸੀਂ ਉਸ ਦੇ ਪਿਆਰ ਦੀ ਚਿਣਕ ਨਾਲ ਸੁਰਜੀਤ ਹੋ ਉਠੀਏ ਤਾਂ ਸਾਡਾ ਦੁਹਰਾਓ ਪਿਆਰ ਵਿਗੁਤੀ ਕਰਨੀ ਅਤੇ ਵਿਚਾਰਾਂ ਵਰਗਾ ਹੈ। ਦੁਹਰਾਓ ਸਾਡੇ ਇਹਸਾਸਾਂ ਨੂੰ ਨਵੇਂ ਕਪੜੇ ਦਿੰਦਾ ਹੈ। ਅਤੇ ਉਸ ਦੀ ਸਿਫ਼ਤ ਸਲਾਹ ਅਜਿਹੇ ਰਾਹ ਤੇ ਟੁਰਨ ਵਾਲੀ ਗੱਲ ਹੈ, ਜੋ ਉਸ ਤੱਕ ਪਹੁੰਚਦਾ ਹੈ।

ਉਸ ਦੇ ਗ੍ਰੰਥ ਦਾ ਲਗਾਤਾਰ ਪਾਠ ਕਰਨ ਵਾਲੇ ਮਨੁੱਖਤਾ ਦੇ ਮੁਕਤੀ ਦਾਤਿਆਂ ਦੀ ਇਕ ਨਵੇਕਲੀ ਸ਼੍ਰੇਣੀ ਵਿਚੋਂ ਹਨ। ਬਾਕੀ ਸਾਰੇ, ਬੌਧਿਕ ਉੱਚਤਾ ਅਤੇ ਚਤੁਰਾਈ ਦੇ-ਬਾਵਜੂਦ, ਪੀੜਤਾਂ ਦੀ ਆਮ ਸ਼੍ਰੇਣੀ ਵਿਚੋਂ ਹਨ। ਗੁਰੂ ਦੀ ਮਿਹਰ ਨਾਲ ਮੈਨੂੰ, ਆਖ਼ਰ ਅਠਤਾਲੀ ਸਾਲ ਦੀ ਉਮਰ ਵਿਚ ਇਸੇ ਜੀਵਨ ਵਿਚ ਇਹ ਪਤਾ ਲਗ ਗਿਆ ਹੈ ਕਿ ਸਿੱਖ ਲਈ ਉਸ ਨੂੰ ਪਿਆਰ ਕਰਨਾ ਨਵੀਂ ਰੂਹਾਨੀ ਜ਼ਿੰਦਗੀ ਦਾ ਪਹਿਲਾ ਦਿਨ ਹੈ। ਅਤੇ ਉਸ ਦੇ ਸ਼ਬਦ ਅਤੇ ਨਾਮ ਦਾ ਜਾਪ, ਇਕ ਸਾਹ, ਇਕ ਕਦਮ ਵੀ ਗਵਾਏ ਬਿਨਾਂ ਰੂਹਾਨੀ ਜੀਵਨ ਦੇ ਚਿੱਕੜ ਅਤੇ ਧੂੜ ਵਿਚ, ਕੰਵਲ ਵਾਂਗ ਅਸੀਮ ਅਤੇ ਉਪਰਲੀ ਧੁਪ ਵਿਚ ਉਤਾਂਹ ਵਧਣ ਵਿਚ ਹੈ। ਉਤਾਂਹ ਉਪਰ। ਜਿਵੇਂ ਨਵ-ਜਨਮਿਆਂ ਬੱਚਾ ਮਾਂ ਦੀ ਬੋਲੀ ਨੂੰ ਸਿਖਦਾ ਹੈ, ਉਸ ਤਰ੍ਹਾਂ ਸਿੱਖ ਨੂੰ ਇਸ ਰੂਹ ਅਤੇ ਗੁਰੂ ਦੀ ਹੱਲਾ-ਸ਼ੇਰੀ ਨੂੰ ਸਿਖਣਾ ਪੈਂਦਾ ਹੈ, ਅਤੇ ਇਸ ਨਿਰ-ਉੱਦਮੀ ਉੱਦਮ ਵਿਚ ਹੀ ਗੁਰੂ ਨਾਲ ਰਾਗਾਤਮਿਕ ਸੰਜੋਗ ਵਿਚ ਰਹਿਣ ਦਾ ਰਹੱਸ ਹੈ। ਜਦੋਂ ਮੈਂ ਬੱਚਾ ਸਾਂ, ਮੈਂ ਉਸ ਦਾ ਨਾਮ, ਗ਼ਲਤ ਉੱਦੜ-ਖੁਦੜ ਅਤੇ ਤਤਲਾਉਂਦਾ ਲੈਂਦਾ ਸਾਂ। ਹੁਣ ਜਦੋਂ ਮੈਂ ਬਾਲਗ਼ ਹੋ ਗਿਆ ਹਾਂ ਮੈਂ ਉਸ ਦਾ ਨਾਮ ਨਿਰੰਤਰ ਜਪਣਾ ਚਾਹੁੰਦਾ ਹਾਂ। ਰੂਹਾਨੀਅਤ

ਦਾ ਬੁਧੀਜੀਵੀ ਵਿਦਿਆਰਥੀ ਇਸ ਨੂੰ ਬੇਸ਼ਕ ਫ਼ਜ਼ੂਲ ਸਮਝੇ। ਮੈਂ ਜਿਵੇਂ ਕਿਵੇਂ ਉਸ ਤੋਂ ਦੂਰ ਨੱਠ ਕੇ, ਆਪਣੀ ਅਗਿਆਨਤਾ ਵਿਚ ਮੂੰਹ ਲੁਕਾ ਕੇ, ਆਪਣੇ ਮਹਿਬੂਬ ਦਾ ਨਾਮ ਜਪੀ ਜਾਣਾ ਚਾਹੁੰਦਾ ਹਾਂ।

ਮੈਂ ਧਰਮ ਸ਼ਾਸਤਰੀਆਂ ਅਤੇ ਪੂਰਬੀ ਦੇਸ਼ਾਂ ਦੇ ਉਨ੍ਹਾਂ ਵਚਿੱਤਰ ਲੋਕਾਂ ਤੋਂ ਦੂਰ ਨੱਸ ਜਾਣਾ ਚਾਹੁੰਦਾ ਹਾਂ, ਜੋ ਕੰਦਰਾ ਵਿਚ ਜਾ ਬੈਠਦੇ ਹਨ ਅਤੇ ਬਿਨਾਂ ਨਿਸ਼ਾਨੇ ਭਗਤੀ ਕਰਦੇ ਹਨ, ਜਿਸ ਨਾਲ ਨਾ ਹੀ ਉਨ੍ਹਾਂ ਦੇ ਅੰਗ ਅਤੇ ਸਰੀਰ ਦਰਿਆਂ ਦੇ ਪਾਣੀ ਵਾਂਗ ਤਰਲ ਹੋ ਉਠਦੇ ਹਨ, ਜੋ ਪਿਆਰ ਭਰੀ ਦਇਆ ਅਤੇ ਉਸ ਦੇ ਸ਼ਬਦਾਂ ਨਾਲ ਜਿਉਂਦੀ ਅਥਰੂਆਂ ਭਰੀ ਹਮਦਰਦੀ ਨਾਲ ਵਗਦੇ ਹੋਣ ਅਤੇ ਨਾ ਹੀ ਉਨ੍ਹਾਂ ਨੇ ਪਿਆਰ ਦਾ ਮੇਲ ਵੇਖਿਆ ਹੈ। ਵਿਧੀ ਇਕ ਹੀ ਹੈ ਉਸ ਦਾ ਨਾਮ ਜਪਣ, ਸਿਮਰਨ ਜਾਂ ਦਰਦ-ਭਰੀ ਯਾਦ। ਗੁਰੂ ਨਾਨਕ ਸਾਹਿਬ ਨੇ ਕਿਹਾ ਹੈ "ਹਰਿ ਬਿਨੁ ਜੀਓ ਜਲਿ ਬਲਿ ਜਾਓ।" ਗੁਰੂ ਅਰਜਨ ਸਾਹਿਬ ਨੇ ਫ਼ਰਮਾਇਆ ਹੈ, "ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ"; ਅਤੇ ਫਿਰ ਵੀ ਇਹ ਕਹਿੰਦੇ ਹਨ, ਬਿਨਾਂ ਇਹਸਾਸ ਦੇ ਮਨੁੱਖ ਕਿਵੇਂ ਪੂਰਨ ਹੋ ਸਕਦਾ ਹੈ? ਗੁਰੂ ਗੋਬਿੰਦ ਸਿੰਘ ਕਹਿੰਦੇ ਹਨ, "ਤੂਹੀਂ! ਤੂਹੀਂ" ਜਿਵੇਂ ਕੋਈ ਨਵ ਵਿਆਹੁਤਾ ਆਪਣੇ ਜਵਾਨ ਪਤੀ ਦੀ ਪਿਆਰ ਵਿਗੁੱਤੀ ਸਹਿਜ ਇੱਛਾ ਕਰਦੀ ਹੈ, ਸਿਮਰਨ ਵਾਲਾ ਮਨੁੱਖ ਉਸ ਦੀ ਉਡੀਕ ਵਿਚ ਜਿਉਂਦਾ ਹੈ ਅਤੇ ਲਰਜ਼ਦੀ ਪਿਆਰ ਵਿਗੁੱਤੀ ਉਡੀਕ। ਪਰ ਕੀ ਉਹ ਨਿਸ਼ਚੇਸ਼ਟਤਾ ਹੈ।

ਵਿਆਹੁਤਾ ਇਸਤਰੀ ਇਤਨੀ ਉਤਾਵਲੀ ਨਹੀਂ, ਕਿਉਂਕਿ ਉਸ ਨੇ ਵਿਆਹੁਤਾ ਜੀਵਨ ਦੀ ਸਹਿਜ ਪੂਰਨਤਾ ਨੂੰ ਪਾ ਲਿਆ ਹੈ। ਉਸ ਦੇ ਪਤੀ ਪਿਆਰ ਦਾ ਕਾਰਜ ਨਿਰੰਤਰ ਹੈ। ਉਸ ਵਿਚ ਕੋਈ ਨਾਟਕੀਅਤਾ ਨਹੀਂ। ਉਸ ਦੀ ਯਾਦ ਵਿਚ ਖਲਬਲੀ ਪਾਉਣ ਵਾਲਾ ਕੋਈ ਢੋਂਗ ਨਹੀਂ। ਇਸ ਤਰ੍ਹਾਂ ਗੁਰੂ ਨਾਨਕ ਨੇ ਕਿਹਾ ਹੈ ਕਿ ਸਿਮਰਨ ਵਾਲੇ ਦਾ ਸਹਿਜ ਸੰਗੀਤਕ ਜੀਵਨ ਹੁੰਦਾ ਹੈ।

ਪਤੀ ਨਾਲ ਵਿਆਹ ਕਰਵਾ ਲੈਣ ਦੇ ਬਾਵਜੂਦ ਵੀ ਵਿਆਹੁਤਾ ਇਸਤਰੀ ਨਿਸ਼ਚੇ ਨਾਲ ਦਿਲੋਂ ਉਸ ਦੀ ਯਾਦ ਸਿਮਰਨ ਰਾਹੀਂ ਉਸ ਨਾਲ ਜੁੜੀ ਰਹਿੰਦੀ ਹੈ। ਵੱਖ ਵੱਖ ਸਰੀਰ ਉਸ ਨੂੰ ਵੱਖ ਵੱਖ ਕਰਦੇ ਹਨ, ਜਿਵੇਂ ਖਲਾ ਵੱਖ ਕਰਦਾ ਹੈ। ਇਸ ਤਰ੍ਹਾਂ ਉਸ ਦੇ ਬਿਲਕੁਲ ਨਿਕਟ ਰਹਿੰਦੇ

 www.sikhbookclub.com

ਹੋਏ ਵੀ, ਉਹ ਕੇਵਲ ਉਸੇ ਨੂੰ ਯਾਦ ਕਰਦੀ ਹੈ। ਜਿਸ ਨੂੰ ਅਸੀਂ ਇਕ ਦੂਜੇ ਨਾਲ ਪਿਆਰ ਕਹਿੰਦੇ ਹਾਂ ਉਹ ਭਾਵਮਈ ਤੀਬਰ ਲਮਹੇ ਹੀ ਹੁੰਦੇ ਹਨ, ਅਰਥਾਤ ਸਿਮਰਨ ਕਾਰਜ।

ਸੰਸਾਰ ਉਹ ਅਜਾਇਬ-ਘਰ ਹੈ ਜਿਥੇ ਮੈਂ, ਮਨੁੱਖ ਰੂਪ ਵਿਚ, ਆਪਣੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਵੇਖੀ ਹੈ। ਮੇਰੀ ਬਾਦਸ਼ਾਹ ਬਣਨ ਦੀ ਇੱਛਾ, ਕਿੰਨੀ ਮੂਰਖਤਾ ਹੈ ਜਦੋਂ ਕਿ ਮੇਰੇ ਆਪੇ ਵਰਗਾ ਮੇਰੇ ਵਰਗੇ ਸਰੀਰ ਵਾਲਾ ਇਕ ਮਨੁੱਖ ਅੱਗੇ ਹੀ ਬਾਦਸ਼ਾਹ ਹੈ। ਅਤੇ ਜਦੋਂ ਮੈਂ ਇਹ ਵੇਖਦਾ ਹਾਂ ਕਿ ਕੇਵਲ ਰਾਜ ਭਾਗ ਮਨੁੱਖ ਦੀ ਹਸਤੀ ਵਿਚ ਮਾਮੂਲੀ ਵੀ ਵਾਧਾ ਨਹੀਂ ਕਰਦੇ, ਮੈਂ ਇਨ੍ਹਾਂ ਸਾਰਿਆਂ ਦਾ ਤਿਆਗ ਲੋਚਦਾ ਹਾਂ ਅਤੇ ਇਕ ਗਰੀਬ ਹੋਣ ਤੋਂ ਭਾਵ, ਮੈਨੂੰ ਕੇਵਲ ਆਪਣੀ ਨਜ਼ਰ ਦਾ ਰੁਖ਼ ਮੋੜ ਕੇ ਆਪਣੇ ਵਰਗੇ ਹਜ਼ਾਰਾਂ ਨੂੰ ਵੇਖਣ ਦੀ ਲੋੜ ਹੈ, ਜੋ ਉਸ ਪੂਰਤੀ ਵੱਲ ਜਾ ਰਹੇ ਹਨ। ਗਰੀਬੀ ਦੀ ਦਰਿਦਰਤਾ ਅਤੇ ਨਖਿਧ ਹਾਲਤ ਮਨੁੱਖ ਵਿਚ ਕੋਈ ਵਾਧਾ ਘਾਟਾ ਨਹੀਂ ਕਰਦੇ। ਜੇ ਮੈਂ ਆਪ ਇਨ੍ਹਾਂ ਟੀਚਿਆਂ ਅਤੇ ਇੱਛਾਵਾਂ ਦੀਆਂ ਸਫ਼ਲਤਾਵਾਂ ਅਤੇ ਨਾਕਾਮੀਆਂ ਦੇ ਅਣਗਿਣਤ ਰੰਗਾਂ ਨੂੰ ਵੇਖਾਂ ਤਾਂ ਇੱਛਾਵਾਂ ਅਤੇ ਸਫਲਤਾ ਲਈ ਕੀਤੇ ਜਤਨਾਂ ਦੁਆਰਾ ਨੰਗੀ ਕਰਕੇ ਰੱਖੀ ਰੂਹ ਦੀ ਤਬਾਹੀ ਵੇਖ, ਸਹਿਮ ਹੀ ਜਾਵਾਂਗਾ। ਮੇਰੀ ਕੋਈ ਇੱਛਾ ਨਹੀਂ। ਮੈਂ ਜਿਥੇ ਹਾਂ ਠੀਕ ਹਾਂ। ਮੈਂ ਕੇਵਲ ਆਪਣੇ ਆਪ ਨੂੰ ਮੰਦਰ ਦੇ ਦੀਵੇ ਵਾਂਗ-ਸਾੜ ਦਿਆਂਗਾ। ਕਿਵੇਂ ਗੁਲਾਬ, ਆਪਣੀ ਮਾਂ ਟਹਿਣੀ ਤੇ ਖਿੜਦਾ ਹੈ, ਮੈਂ ਕੇਵਲ ਜੀਵਨ ਦੀ ਚਮਕ ਵਿਚ ਜਲ ਉਠਦਾ ਹਾਂ। ਸਿਮਰਨ, ਇਸ ਤਰ੍ਹਾਂ ਇਕ ਰੂਹਾਨੀ ਸੁਭਾ ਹੈ। ਜਿਵੇਂ ਕੁੱਤੇ ਵਿਚ ਮਨੁੱਖ ਨੂੰ ਪਿਆਰ ਕਰਨ ਦਾ ਵਧਦਾ ਸੁਭਾ ਹੈ, ਇਸ ਤਰ੍ਹਾਂ ਸਿਮਰਨ ਵਾਲੇ ਮਨੁੱਖ ਵਿਚ ਆਪਣੇ ਦੇਵਤਾ ਵੱਲ ਵਧਣ ਦੀ ਸੁਭਾਵਿਕ ਰੁੱਚੀ ਹੈ। ਉੱਚਿਆਂ ਵੱਲੋਂ ਪਿਆਰ ਦੀ ਛੋਹ, ਪਿਆਰ ਦੇ ਬੁਲਾਰੇ ਦਾ, ਪਿਆਰ ਦੀਆਂ ਕੋਮਲ ਤੇ ਤਰਸ ਭਰੀਆਂ ਨਜ਼ਰਾਂ ਦਾ ਹੁੰਗਾਰਾ ਭਰਨ ਦੀ ਰੁਚੀ ਨੂੰ ਕਾਇਮ ਰੱਖਣਾ ਤਾਂ ਲਾੜੀ ਦੀ ਲਾੜੇ ਨੂੰ ਮਿਲਣ ਲਈ ਕੀਤੀ ਜਾ ਰਹੀ ਤਿਆਰੀ ਵਾਂਗ ਹੈ। ਉਸ ਦੇ ਰਾਹ ਤੇ ਲਗੀਆਂ ਅੱਖੀਆਂ, ਉਸ ਦੇ ਨਾਮ ਦਾ ਜਾਪ ਕਰਦੀਆਂ ਹਨ ਅਤੇ ਮੇਰਾ ਸਰੀਰ ਵੀ ਉਸ ਦੇ ਨਾਮ ਨੂੰ ਪੁਕਾਰ ਪੁਕਾਰ ਖ਼ੁਸ਼ ਹੁੰਦਾ ਹੈ, ਜੋ ਆ ਰਿਹਾ ਹੈ, ਆ ਰਿਹਾ ਹੈ।

ਉਸ ਦਾ ਨਾਮ ਜਪਣ ਦੇ ਉੱਚ ਆਚਰਣ ਦੁਆਰਾ ਪ੍ਰਹਿਲਾਦ ਦੀ ਪੁਸ਼ਟੀ, ਰੂਹ ਵਿਚਲੀ ਸਦਾ ਬਹਾਰ ਵੱਲ ਇਸ਼ਾਰਾ ਕਰਦੀ ਹੈ, ਜੋ ਸਿਮਰਨ ਵਾਲੇ ਮਨੁੱਖ ਦੀ ਆਤਮਾ ਵਿਚ ਵਾਸ ਕਰਦੀ ਹੈ, ਅਤੇ ਉਸ ਦਾ ਸਾਰਾ ਆਪਾ ਖੁਸ਼ੀ ਵਿਚ ਤਰ-ਬਤਰ ਹੋ ਜਾਂਦਾ ਹੈ, ਜਿਸ ਦੇ ਪਿਆਰ ਦਾ ਗਮ ਅਸੀਮ ਹੈ।

ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ ਕਿ, ਨਾਮ ਰੱਬੀ ਦਾਤ ਹੈ ਜਿਸ ਨੇ ਗਣਕਾ ਨੂੰ ਇਸ ਭੈ ਸਾਗਰ ਤੋਂ ਪਾਰ ਉਤਾਰ ਦਿੱਤਾ ਹੈ। ਉਸ ਦਾ ਨਾਮ ਜਪੀ ਜਾਣਾ ਹੀ ਉਸ ਦੇ ਜੀਵਨ ਦਾ ਆਧਾਰ ਹੈ। ਇਸ ਤਰ੍ਹਾਂ ਸਿਮਰਨ ਵਾਲਾ ਮਨੁੱਖ, ਗੁਰੂ ਦਾ ਸਿੱਖ, ਰੂਹ ਦੀ ਬੁਲੰਦੀ ਦਾ ਦਾਅਵਾ ਨਹੀਂ ਕਰਦਾ, ਜਿਹੜੀ ਆਪੇ ਤੋਂ ਵਿਗਾਸ ਕੇ ਯਾਰੜੇ ਦੀ ਅਸੀਮ ਸੁੰਦਰਤਾ ਨਾਲ ਜਾ ਰਲਦੀ ਹੈ, ਫੁੱਲਾਂ, ਪੰਛੀਆਂ ਨਾਲ ਇਕੋ ਜਿਹੀ ਸਾਂਝੀ ਨਹੀਂ ਕੀਤੀ ਜਾ ਸਕਦੀ। ਉਹ ਨਿਰਣਾ ਨਹੀਂ ਕਰਦਾ ਇਕ ਦੁੱਖੀ ਵੇਸਵਾ ਨੂੰ ਵੀ ਉਸ ਦਾ ਨਾਮ ਜਪਣ ਅਤੇ ਸੁਖ ਪ੍ਰਾਪਤ ਕਰਨ ਦਾ ਕਿਸੇ ਸਾਧ ਵਰਗਾ ਹੀ ਜਨਮ-ਸਿੱਧ ਅਧਿਕਾਰ ਹੈ। ਇਹ ਸੰਭਵ ਹੈ, ਉਨ੍ਹਾਂ ਦੀ ਦੈਵੀ ਰੂਹ, ਸਰੀਰਕ ਜੀਵਨ ਨਾਲੋਂ ਪੂਰੀ ਤਰ੍ਹਾਂ ਨਿਖੜ ਕੇ, ਉਸ ਨੂੰ ਅਜਿਹੇ ਖੰਭ ਦੇ ਦੇਵੇ ਕਿ ਉਹ ਅਣਕਿਆਸੇ ਢੰਗ ਨਾਲ ਜੀਵਨ ਦੀਆਂ ਨੀਚ ਕਰਮਾਂ ਵਾਲੀ ਸਥਿਤੀ ਵਿਚੋਂ ਉਪਰ ਉਠ ਨਿਕਲੇ। ਜੇ ਅਸੀਂ ਆਲੋਚਨਾਤਮਕ ਢੰਗ ਨਾਲ ਚੀਜ਼ਾਂ ਨੂੰ ਵੇਖੀਏ ਤਾਂ ਕੀ ਅਸੀਂ ਸਾਰੇ ਕਿਸੇ ਆਮ ਵੇਸਵਾ ਅਤੇ ਕਿਸੇ ਦੁਖੀਏ ਵਾਂਗ ਮਜਬੂਰ ਨਹੀਂ? ਇਹ ਗਿਰਜਿਆਂ ਵਿਚ ਨਹੀਂ ਅਤੇ ਨਾ ਮੰਦਰਾਂ ਵਿਚ ਹੈ, ਸਗੋਂ ਮਨੁੱਖ ਦੇ ਆਪਣੇ ਦਿਲ ਮੰਦਰ ਦੀ ਗੱਲ ਹੈ, ਜਿਥੇ ਉਹ ਪਾਕੀਜ਼ਗੀ ਅਤੇ ਗ਼ਲਾਜ਼ਤ, ਬੁਰਾਈ ਅਤੇ ਭਲਾਈ ਦੇ ਚੋਗੇ ਨੂੰ ਉਤਾਰ ਕੇ, ਰੂਹ ਦੀ ਪਵਿੱਤਰ ਨਗਨਤਾ ਦੇ ਮੰਡਲ ਵਿਚ ਜਾ ਰਲਦਾ ਹੈ ਅਤੇ ਆਪਣੇ ਨਿੱਜੀ ਖ਼ੁਦਾ, ਅਰਥਾਤ ਆਪਣੇ ਗੁਰੂ ਦੇ ਰੂ-ਬਰੂ ਹੁੰਦਾ ਹੈ।

ਦਿਲ ਦੇ ਮੰਦਰ ਵਿਚ ਕਮਲ ਖਿੜਿਆ ਪਿਆ ਹੈ। ਸਿਮਰਨ ਵਾਲੇ ਮਨੁੱਖ ਦੀਆਂ ਅੱਖਾਂ ਜਿਉਂਦੀਆਂ, ਸ਼ਹਿਦ ਦੀਆਂ ਮੱਖੀਆਂ ਵਾਂਗ ਘੁੰਮਦੀਆਂ ਹਨ। ਲੱਖਾਂ ਫੁੱਲ ਉਨ੍ਹਾਂ ਨੂੰ ਬੁਲਾਉਣ, ਪਰ ਉਹ ਉਥੋਂ ਬਾਹਰ ਨਹੀਂ ਨਿਕਲਦੀਆਂ। ਉਹ ਉੱਡ ਨਹੀਂ ਸਕਦੀਆਂ, ਉਹ ਤ੍ਰਿਪਤ ਹਨ, ਮਦਮਸਤ ਹਨ ਅਤੇ ਕਮਲ ਦੀ ਰੋਸ਼ਨੀ ਨੂੰ ਪੀ ਰਹੀਆਂ ਹਨ, ਪਰ ਮਰ ਕੇ ਵੀ ਜਿੰਦਾ ਹਨ। ਇਸ ਤਰ੍ਹਾਂ ਸਿਮਰਨ ਹੈ, ਅੰਦਰ ਰਹਿਣਾ, ਅੱਖੀਆਂ ਖੁਲ੍ਹੀਆਂ ਹੁੰਦਿਆਂ

 www.sikhbookclub.com

ਵੀ ਬਾਹਰ ਨੂੰ ਨਾ ਵੇਖਣਾ। ਕੀ ਤੁਸਾਂ ਚਕੋਰ (Beeth hoven) ਦੀਆਂ ਅੱਖੀਆਂ ਵੇਖੀਆਂ ਹਨ? ਇਹ ਇਕ ਅਨੋਖੀ ਰੂਹਾਨੀ ਤੀਬਰਤਾ ਹੈ। ਇਹ ਪਿਆਰ ਸਾਰੇ ਗਮਾਂ ਦਾ ਰੂਪ ਬਦਲ ਕੇ ਜੀਵਨ ਚਿਣਗਾਂ ਵਿਚ ਬਦਲ ਦਿੰਦਾ ਹੈ। ਦੁੱਖਾਂ ਦਾ ਇਹਸਾਸ ਅਤੇ ਦੁੱਖਾਂ ਦੀ ਅੱਗ ਨੂੰ ਠੰਡਿਆਂ ਕਰਨਾ ਨਾਮ ਦੀ ਤਸੱਲੀ, ਰੱਬੀ ਖਜ਼ਾਨਾ ਹਨ। ਸਿਮਰਨ ਵਾਲਾ ਮਨੁੱਖ ਬੜਾ ਪਰਉਪਕਾਰੀ ਹੈ, ਕਿਉਂਕਿ ਸਿਮਰਨ ਨਾਲ ਉਸ ਨੇ ਜੀਵਨ ਤੱਥ ਨੂੰ ਸੰਜੋਇਆ ਹੈ, ਜਿਹੜਾ ਪੀੜਤਾਂ ਅਤੇ ਦੁੱਖੀਆਂ ਨੂੰ ਸੁਖ ਦੇ। ਗੁਰੂ ਅਰਜਨ ਦੇਵ ਨੇ ਸੁਖਮਨੀ ਵਿਚ ਕਿਹਾ ਹੈ "ਦਇਆ ਕੇਵਲ ਨਾਮ ਦਾ ਰੂਪ ਧਾਰ ਸਕਦੀ ਹੈ, ਕਿਉਂਕਿ ਨਾਮ ਹੀ ਮਨੁੱਖੀ ਦੁੱਖਾਂ ਨੂੰ ਘਟਾਉਣ ਦੀ ਸ਼ਕਤੀ ਦਿੰਦਾ ਹੈ।"

ਸਮੁੰਦਰ ਦੇ ਕੰਢੇ ਖੜੇ ਹੋ ਕੇ ਮੈਂ ਵੇਖਿਆ ਕਿ ਉਠਦੀਆਂ ਲਹਿਰਾਂ ਕਿਵੇਂ ਖੁਸ਼ੀ ਨਾਲ ਲਬਰੇਜ਼ ਹਨ ਅਤੇ ਕਿਵੇਂ ਅਰੁਕ ਵੇਗ ਵਿਚ ਅਕਰਾ ਕੇ ਟੁਟਦੀਆਂ ਜਾਂਦੀਆਂ ਹਨ। ਮਨ ਵਿਚ ਉਠ ਰਹੀਆਂ ਅਤੇ ਮੇਰੇ ਆਪੇ ਵਿਚ ਘੁਲ ਰਹੀਆਂ ਲਹਿਰਾਂ ਨੂੰ ਜੇ ਮੈਂ ਝੱਗ ਦੇ ਫੁੱਲਾਂ ਨਾਲ ਲਿਜਾ ਕੇ ਉਸ ਦੇ ਚਰਨਾਂ ਤੇ ਰੱਖ ਦਿਆਂ ਅਤੇ ਸਮੁੰਦਰ ਵਾਂਗ ਫੁਟ ਪਵਾਂ, ਮੈਂ ਸਿਮਰਨ ਵਾਲਾ ਹਾਂ। ਇਸ ਲਈ ਸਿਮਰਨ ਵਿਚ ਜੋ ਗੱਲ ਵਿਸ਼ੇਸ਼ ਮਹੱਤਤਾ ਰੱਖਦੀ ਹੈ, ਉਹ ਹੈ, ਮਨ ਦੀ ਵਿਸ਼ਾਲਤਾ, ਜੋ ਇਕੋ ਦਿਸ਼ਾ ਵਿਚ ਵੱਗ ਰਹੀ ਹੈ। ਮੈਂ ਆਪਣੇ ਆਪੇ ਦੇ ਸਮੁੰਦਰ ਨੂੰ ਸ਼ਾਂਤ ਕਰਨ ਜਾਂ ਉਸ ਵਿਚ ਹਲ ਚਲ ਪੈਦਾ ਕਰਨ ਵੱਲ ਨਹੀਂ ਦੌੜਦਾ, ਸਗੋਂ ਧਿਆਨ ਰੱਖਦਾ ਹਾਂ ਕਿ ਮੈਂ ਸਮੁੰਦਰ ਵਾਂਗ ਉਸ ਦੇ ਚਰਨਾਂ ਤੇ ਖੁਸ਼ੀ ਦੀ ਝੱਗ ਦੇ ਲੱਛਿਆਂ ਵਾਂਗ ਘੁਲ ਕੇ ਟੁੱਟ ਜਾਵਾਂ ਅਤੇ ਆਪਣਾ ਆਪਾ ਤਿਆਗ ਦਿਆਂ।

ਉਹ ਦੇਹ ਵਿਚ ਰਹਿੰਦੇ ਹੋਏ ਹੋਰਨਾਂ ਗੱਲਾਂ ਨੂੰ ਚਿਤਵਦੇ ਰਹਿੰਦੇ ਹਨ, ਜੋ ਆਪਣੀ ਜੀਭਾ ਨਾਲ ਉਸਦਾ ਨਾਮ ਨਹੀਂ ਜਪਦੇ। ਉਹ ਫੁਰਨਿਆਂ ਵਿਚ ਗਵਾਚੇ ਰਹਿੰਦੇ ਹਨ। ਅਤੇ ਚੋਣ ਇਨ੍ਹਾਂ ਵਿਚੋਂ ਹੀ ਹੁੰਦੀ ਹੈ ਕਿ ਸੋਚਿਆ ਨਾ ਜਾਵੇ ਜਾਂ ਕਈ ਗੱਲਾਂ ਬਾਰੇ ਸੋਚਦਿਆਂ ਹੀ ਕਿਹਾ ਜਾਵੇ। ਗੁਰੂ ਪਾਸ ਮਨ ਦਾ ਪ੍ਰਤੀਕ ਹੈ, ਸਫੇਦ ਬਾਜ਼। ਸਫ਼ੇਦ ਬਾਜ਼ ਨੂੰ ਖੁੱਲਿਆਂ ਛੱਡ ਦਿੱਤਾ ਜਾਂਦਾ ਹੈ, ਜਦੋਂ ਉਸ ਨੇ ਸ਼ਿਕਾਰ ਦੇ ਪਿਛੇ ਜਾਣਾ ਹੁੰਦਾ ਹੈ, ਪਰ ਜਦੋਂ ਉਸ ਸ਼ਿਕਾਰ ਦੇ ਪਿਛੇ ਨਹੀਂ ਜਾਣਾ ਹੁੰਦਾ, ਉਹ ਉਸ ਦੇ ਅੰਗੂਠੇ ਤੇ ਆ ਟਿਕਦਾ ਹੈ। ਇਸ ਤਰ੍ਹਾਂ ਮਨ ਨੂੰ ਕਾਰ ਦੇ ਇੰਜਣ ਵਾਂਗ, ਪੂਰੇ


www.sikhbookclub.com

ਜ਼ੋਰ ਨਾਲ ਅਗਾਂਹ ਚਲਣਾ ਚਾਹੀਦਾ ਹੈ। ਬਹੁਤ ਸਾਰੇ ਵਿਚਾਰਾਂ ਦੇ ਕਪੜੇ ਲਾਹ ਦੇਣੇ ਚਾਹੀਦੇ ਹਨ ਅਤੇ ਅਣਕੱਜੀ ਰੂਹ ਨੂੰ ਅਸੀਮ ਦੀ ਧੁਪ, ਚਾਨਣੀ ਅਤੇ ਨੀਲੱਤਣ ਵਿਚ ਡੁਬੋ ਦੇਣਾ ਚਾਹੀਦਾ ਹੈ। ਬੇਲੋੜੀ ਅਤੇ ਅਣਉਪਜਾਉ ਚਿੰਤਾ ਦੀ ਰੇਤ ਤੇ ਕੂੜੇ ਕਰਕਟ ਨੂੰ ਮਨ ਦੇ ਪਹੀਏ ਦੇ ਦੰਦਿਆਂ ਵਿਚ ਪਾਉਣ ਦੀ ਅਤੇ ਜੀਵਨ ਸਬੰਧੀ ਦੁੱਖੀ ਹੋਣ ਦੀ ਕੀ ਲੋੜ ਹੈ। ਚੁੱਕੇ ਜਾਣ ਵਾਲੇ ਬੋਝ ਤੋਂ ਮਨ ਅਤੇ ਰੂਹ ਨੂੰ ਮੁਕਤ ਕਰ ਲੈਣਾ ਚਾਹੀਦਾ ਹੈ ਅਤੇ ਉਹ ਹੀ ਸਿਮਰਨ ਹੋ ਸਕਦਾ ਹੈ। ਇਹਸਾਸਾਂ ਦੀ ਨਿਰੰਤਰ ਥਰਕਣ ਹੀ ਮਨੁੱਖ ਨੂੰ ਸੰਪੂਰਨ ਅਰਥਾਤ ਪਵਿੱਤਰ ਬਣਾ ਦਿੰਦੀ ਹੈ।

ਲੋਕ ਖੂਬਸੂਰਤ ਚੀਜ਼ਾਂ ਬਾਰੇ ਸੁਣਨਾ ਚਾਹੁੰਦੇ ਹਨ, ਪਰ ਉਹ ਜੀਵਨ ਦੀਆਂ ਅਜਿਹੀਆਂ ਲੱਭੀਆਂ ਜਾ ਸਕਣ ਵਾਲੀਆਂ ਹਾਲਤਾਂ ਦੀ ਪ੍ਰਾਪਤੀ ਲਈ ਵਿਧੀ ਦੇ ਸਾਧਾਰਣ ਕਾਰਜ ਵਿਚ ਵੀ ਰੁੱਚੀ ਨਹੀਂ ਰੱਖਦੇ। ਪਰ ਇਸਦੇ ਹੁੰਦੇ ਹੋਏ ਵੀ ਉੱਚੀਆਂ ਬੌਧਿਕ ਉਡਾਰੀਆਂ ਦੇ ਬਾਵਜੂਦ, ਜੀਵਨ ਦੇ ਡੂੰਘੇ ਮਸਲਿਆਂ ਸੰਬੰਧੀ ਅਤਿਅੰਤ ਤੀਬਰ ਅਤੇ ਸੂਖਮ ਦਿਮਾਗ਼ਾਂ ਨੂੰ ਬਾਂਦਰਾਂ ਵਾਂਗ ਖੇਡਣਾ ਪੈਂਦਾ ਹੈ, ਜਿਨ੍ਹਾਂ ਸਾਹਵੇਂ ਬੌਧਿਕ ਖੋਜਾਂ ਉਨ੍ਹਾਂ ਜੁੱਤੀਆਂ ਵਰਗੀਆਂ ਹਨ, ਜਿਨ੍ਹਾਂ ਨੂੰ ਮੰਦਰ ਵਿਚ ਲਿਜਾਣ ਦੀ ਇਜਾਜ਼ਤ ਨਹੀਂ। ਕੇਵਲ ਆਪਣਿਆਂ ਅਤੇ ਜਿਨ੍ਹਾਂ ਦਾ ਕੁਝ ਸਤਿਕਾਰ ਹੈ, ਦੇ ਮੁੱਖ ਦੀ ਜਾਣ-ਪਛਾਣ ਨੂੰ ਦੁਹਰਾਈ ਜਾਣ ਦੀ ਖੁਸ਼ੀ, ਮੁੜ ਮੁੜ ਸਾਧਾਰਣ ਤੌਰ ਤੇ ਚਿਤਵੀ ਜਾਣ ਨਾਲ ਮਿਲਦੀ ਹੈ ਕਿ ਸਾਨੂੰ ਇਹ ਚਿਤ-ਚੇਤਾ ਵੀ ਨਹੀਂ ਹੁੰਦਾ ਕਿ ਇਸ ਖੁਸ਼ੀ ਨਾਲ ਸਾਨੂੰ ਕਿੰਨਾਂ ਜੀਵਨ ਮਿਲਦਾ ਹੈ। ਅਸਾਂ ਪਹਾੜਾਂ ਅਤੇ ਝੀਲਾਂ ਦੇ ਦ੍ਰਿਸ਼ਾਂ ਅਤੇ ਮਨੁੱਖੀ ਚਿਹਰਿਆਂ ਨੂੰ ਕਿੰਨੀ ਵਾਰ ਵੇਖਿਆ ਹੈ ਅਤੇ ਕੀ ਅਸੀਂ ਉਨ੍ਹਾਂ ਨੂੰ ਵਾਰ ਵਾਰ ਵੇਖਣਾ ਨਹੀਂ ਲੋਚਦੇ। ਮੁੜ ਮੁੜ ਜਪਣ ਨਾਲ, ਅਚਾਨਕ, ਕਿਸੇ ਨੂੰ ਧੰਨ ਧੰਨ ਕਹਿ ਉਠਦੇ ਹਾਂ, ਜਿਸ ਕਾਰਦ ਇਸ ਚਮਕਦੇ ਮੁੱਖੜੇ ਜਾਂ ਦੈਵੀ ਮੁੱਖੜੇ ਦੇ ਨੂਰਾਨੀ ਪੱਖ ਦੇ ਨਵੇਂ ਜਾਦੂ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਕੀਤਾ ਹੈ। ਸਿਮਰਨ ਦੁਆਰਾ ਜੀਵਨ ਸੁੰਦਰਤਾ ਦੀ ਖੁਸ਼ੀ ਭਰੇ ਰੂਪ ਵਿਚ ਢਲ ਜਾਂਦਾ ਹੈ। ਅਤੇ ਇਸ ਦੇ ਵੀ ਕਈ ਦਰਜੇ ਹਨ। ਦਰਖਤ ਗਲ ਲੱਗੀ ਵੇਲ ਹੈ, ਆਪਣੇ ਪਤੀ ਦੀਆਂ ਬਾਹਵਾਂ ਵਿਚ ਪਤਨੀ ਅਤੇ ਆਪਣੀ ਮਾਂ ਦੀ ਉਂਗਲੀ ਫੜੀ ਬੱਚਾ, ਇਹ ਸਭ ਸਿਮਰਨ ਦੀਆਂ ਦਿਸ਼ਾਵਾਂ ਹਨ। ਅਤੇ ਇਸੇ ਤਰ੍ਹਾਂ ਦੀਆਂ ਨਾਇਕਾਂ ਦੀਆਂ ਯਾਦਗਾਰਾਂ ਅਤੇ ਰੱਬ ਦੇ

 www.sikhbookclub.com

ਮੰਦਰ ਅਤੇ ਮਨੁੱਖ ਦੇ ਮਹਾਨ ਅਤੇ ਸ਼ਾਨਦਾਰ ਕਾਰਨਾਮਿਆਂ ਦੇ ਗਾਵੇਂ ਗੀਤ ਹਨ। ਗੁਰੂ ਤੇਗ ਬਹਾਦਰ ਜੀ ਨੇ ਕਿਹਾ ਹੈ, "ਕੋਈ ਵੀ ਆਪਣਾ ਨਹੀਂ।"ਸਾਨੂੰ ਉਸ ਮਾਲਕ ਨਾਲ ਅਭੇਦ ਹੋਣਾ ਚਾਹੀਦਾ ਹੈ। ਰੂਹ ਦਾ ਬਿਨਾਂ ਕਿਸੇ ਸ਼ਰਤ ਦੇ, ਅੰਤਰਮੁਖੀ ਅਤੇ ਸਦੀਵੀ ਅੰਦਰੂਨੀ ਸਾਥ ਹੈ।

ਉਹ ਮਨੁੱਖ ਆਤਮਾ ਤੋਂ ਬਾਹਰ ਦੀ ਹਰ ਸ਼ੈਅ, ਜੋ ਤੂੰ ਪ੍ਰਾਪਤ ਕਰਨਾ ਚਾਹੁੰਦਾ ਹੈਂ, ਨਾਸ਼ਵਾਨ ਹੈ। ਅਤੇ ਮੈਂ ਤੈਨੂੰ ਇਹ ਦਸ ਦੇਣਾ ਚਹੁੰਦਾ ਹਾਂ ਕਿ ਸਿਮਰਨ ਦੇ ਬਿਨਾਂ ਤੂੰ ਆਪੇ ਤੇ ਵੀ ਕਾਬੂ ਨਹੀਂ ਪਾ ਸਕਦਾ। ਇਸ ਲਈ ਉਠ ਅਤੇ ਜੀਵਨ ਦੇ ਫਲ ਇਕੱਠੇ ਕਰ ਲੈ, ਉਸ ਦਾ ਨਾਮ ਜਪਣ ਦੀਆਂ ਔਖੀਆਂ ਗੱਲਾਂ ਅਤੇ ਮਰਨ ਪਿਛੋਂ, ਤੈਨੂੰ ਪਤਾ ਲਗੇਗਾ ਕਿ ਤੂੰ ਨਾਮ ਦੇ ਫਲ ਦੇ ਰੂਪ ਵਿਚ ਕਿੱਢੀ ਮਹਾਨ ਦੌਲਤ ਇਕੱਠੀ ਕੀਤੀ ਹੈ। ਅਤੇ ਜਿਨ੍ਹਾਂ ਨੇ ਹੋਰ ਚੀਜ਼ਾਂ ਇੱਕਠੀਆਂ ਕੀਤੀਆਂ ਹਨ, ਉਹ ਵੇਖਣਗੇ ਕਿ ਉਨ੍ਹਾਂ ਦੇ ਹੱਥ ਖਾਲੀ ਹਨ ਅਤੇ ਕਾਲਖ ਨਾਲ ਲਿਬੜੇ ਹੋਏ ਹਨ। ਤੇਰੀ ਰੂਹ ਦੀ ਪੱਧਰ, ਸੰਸਾਰ ਵਿਚ ਤੇਰੀ ਹੈਸੀਅਤ ਦਸੇਗੀ ਨਾ ਕਿ ਤੇਰੀਆਂ ਮਹਿਲ ਮਾੜੀਆਂ, ਉਹ ਭਾਵੇਂ ਕਿੰਨੀਆਂ ਸੁੰਦਰ ਹੋਣ। ਮੈਂ ਇਸ ਨੂੰ ਵੇਖਿਆ ਹੈ। ਮੈਂ ਇਸ ਨਾਮ ਜਪਣ ਦੇ ਔਖੇ ਕੰਮ ਤੋਂ ਨਸ ਉਠਿਆ ਸਾਂ। ਪਰ ਇਸ ਤੋਂ ਬਿਨਾਂ ਉਸਦੇ ਇਸ ਪਿਆਰ ਦੇ ਚਿੰਨ੍ਹਾਤਮਕ ਕਾਰਜ ਤੋਂ ਬਿਨਾਂ, ਮੈਨੂੰ ਉਸ ਮਾਲਕ ਦੇ ਪਾਸੇ ਵਾਲੇ ਬਾਗ਼ ਦਾ ਕੋਈ ਰਾਹ ਨਾ ਮਿਲਿਆ। ਇਸ ਤਰ੍ਹਾਂ ਮੈਨੂੰ ਪਹਾੜ ਤੋਂ ਹੇਠਾਂ ਪਟਕਾ ਮਾਰਿਆ। ਆਪਣੀਆਂ ਸ਼ੇਖੀਆਂ ਦੀ ਬਲਦੀ ਅੱਗ ਵਿਚ ਅਤੇ ਆਪਣੇ ਪਿਆਰ ਤੋਂ ਇਹ ਕਸ਼ਟ ਸਹਿ ਕੇ ਮੈਨੂੰ ਇਹ ਗਿਆਨ ਹੋ ਗਿਆ ਹੈ ਕਿ ਉਸ ਦਾ ਨਾਮ ਅਤੇ ਉਸ ਦਾ ਜਾਪ, ਜੜ੍ਹਾਂ ਹਨ ਅਤੇ ਬਾਕੀ ਸਭ ਕੁਝ ਟਹਿਣੀਆਂ, ਪੱਤੇ ਅਤੇ ਫੁਲ ਡੋਡੀਆਂ ਹਨ। ਬਿਨਾਂ ਜਾਨਦਾਰ ਜੜ੍ਹਾਂ ਦੇ ਮੇਰੀ ਤੰਦ ਟੁਟ ਚੁੱਕੀ ਹੈ ਅਤੇ ਮੈਂ ਫੂਲਦਾਨ ਵਿਚ ਸਜਾਇਆ ਹੋਇਆ ਹਾਂ, ਪਰ ਮੇਰੀ ਹਰ ਚਮਕ ਮਿਟ ਰਹੀ ਹੈ। ਸਿਮਰਨ ਤੋਂ ਪਾਵ, ਜੀਵਨ ਰੂਪੀ ਜੜ੍ਹ ਨਾਲ ਪਿਉਂਦ ਲਾ ਦੇਣਾ ਹੈ ਅਤੇ ਫਿਰ ਨਿਰ-ਉੱਦਮ ਹੋਣ ਦੀ ਲੋੜ ਹੈ। ਇਹ ਆਪਣੇ ਆਪ ਵਧਦਾ ਫੁਲਦਾ ਹੈ। ਇਹ ਸਾਡੇ ਜਤਨਾਂ ਬਿਨਾਂ ਹੀ ਖਿੜ ਖਿੜ ਪੈਂਦਾ ਹੈ।

ਇਸ ਲਈ ਇਸੇ ਇਕ ਗੱਲ ਦੀ ਲੋੜ ਹੈ, ਬਾਕੀ ਸਭ ਕੁਝ ਆਪਣੇ ਆਪ ਆ ਪ੍ਰਾਪਤ ਹੁੰਦਾ ਹੈ।


www.sikhbookclub.com